
Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਨਵੰਬਰ 2016 ਮਾਸਿਕ ਮੁੱਲ : 15/-

**ਅਦਾਰਾ 'ਲੁਬਾਣਾ ਸੇਵਕ' ਵੱਲੋਂ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਜੀ ਦੇ ਅਵਤਾਰ ਪੁਰਬ ਦੀ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ !**




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ... ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ.....



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਮਿਤੀ 15 ਅਪ੍ਰੈਲ, 1469 ਈ. ਨੂੰ ਤਲਵੰਡੀ ਨਨਕਾਣਾ ਸਾਹਿਬ ਵਿਖੇ ਪਿਤਾ ਮਹਿਤਾ ਕਲਿਆਣ ਦਾਸ (ਕਾਲੂ) ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 548ਵਾਂ ਪ੍ਰਕਾਸ਼ ਉਤਸਵ ਵਿਸ਼ਵ ਭਰ ਵਿਚ ਨਾਨਕ ਨਾਮ ਲੇਵਾ ਸੰਗਤਾਂ ਨੇ ਬੜੀ ਸ਼ਰਧਾ ਅਤੇ ਸ਼ਿੱਦਤ ਨਾਲ ਹਰ ਸਾਲ ਦੀ ਤਰ੍ਹਾਂ ਮਨਾਇਆ ਹੈ। ਬਾਬਾ ਨਾਨਕ ਜੀ ਦੇ ਮੁੱਢਲੇ ਕੌਤਿਕਾਂ ਤੋਂ ਉਨ੍ਹਾਂ ਦੀ ਰੱਬੀ ਨੂਰਾਨੀ ਦਾ ਸਿਆਣੇ ਵਿਅਕਤੀਆਂ ਨੂੰ ਅਹਿਸਾਸ ਹੋ ਗਿਆ ਸੀ ਜਿਵੇਂ ਕਿ ਪਾਂਧੇ ਕੋਲ ਪੜ੍ਹਨ ਵੇਲੇ ਆਪ ਜੀ ਵੱਲੋਂ 7 ਸਾਲ ਦੀ ਉਮਰ ਵਿਚ 'ਪੱਟੀ, ਬਾਣੀ' ਲਿਖੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 434 ਉੱਤੇ ਦਰਜ ਹੈ – "**ਆਇੜੇ ਆਪਿ ਕਰੇ ਜਿਨਿ ਛੋਡੀ ਕਿਛ ਕਰਣਾ ਸੁ ਕਰਿ ਰਹਿਆ ॥ ਕਰੇ ਕਰਾਏ ਸਭ ਕਿਛ ਜਾਣੈ ਨਾਨਕ ਸਾਇਰ ਇਵ ਕਹਿਆ ॥**" ਇਸੇ ਤਰ੍ਹਾਂ ਮੱਝੀਆਂ ਚਾਰਨ ਦੀ, ਸਰਪ ਦੀ ਛਾਂ ਦੀ, ਸੱਚੇ ਸੌਦੇ ਦੀ, ਜਨੇਊ ਪਾਉਣ ਦੀ – "**ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ ॥ ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**" ਮੋਦੀਖਾਨੇ ਤੇ ਕੰਮ ਕਰਨ ਦੀ, ਵੇਈਂ ਨਦੀ ਪਰਵੇਸ਼ ਕਰਨ ਦੀ ਇਤਿਆਦਿ ਹੋਰ ਕਈ ਸਾਖੀਆਂ ਹਨ। ਆਪ ਜੀ ਤਿੰਨ ਦਿਨ ਵੇਈਂ ਵਿਚ ਅਲੋਪ ਰਹੇ ਤਾਂ ਸੱਚਖੰਡ ਪਹੁੰਚੇ। ਉੱਥੇ ਜੋ ਅਗਮ ਅਗੋਚਰ ਵਾਪਰਿਆ ਸੋ ਕਿਹਾ ਨਹੀਂ ਜਾ ਸਕਦਾ। ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਆਖਿਆ ਹੈ ਉਹ ਇਸ ਤਰ੍ਹਾਂ ਪਉੜੀ ਵਿਚ ਅੰਗ 150 ਉੱਤੇ ਦਰਜ ਹੈ – "**ਹਉ ਢਾਢੀ ਵੇਕਾਰ ਕਾਰੈ ਲਾਇਆ ॥ ਗਤਿ ਇਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਡੀ ਸਚੈ ਮਹਿਲ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥**"

ਇਸ ਤਰ੍ਹਾਂ ਬਾਬੇ ਨਾਨਕ ਜੀ ਨੇ ਨਾਮ ਦਾਨ ਇਸ਼ਨਾਨ, ਸਿਮਰਨ ਦੀ ਮਰਯਾਦਾ ਚਲਾ ਕੇ ਅਕਾਲ ਪੁਰਖ ਦੀ ਵਡਿਆਈ ਕੀਤੀ। "**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥**" ਤਾਂ ਹੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ "**ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ**" ॥ ਉਚਾਰਿਆ ॥ ਆਪ ਜੀ ਨੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਕਿ "**ਨਾ ਕੋ ਹਿੰਦੂ ਨਾ ਕੋ ਮੁਸਲਮਾਨ ॥**" ਇਸ ਦੇ ਵਿਰੋਧ ਵਿਚ ਜਦੋਂ ਕਾਜੀ ਅਤੇ ਨਵਾਬ ਨੇ ਸ਼ੰਕਾ ਪ੍ਰਗਟ ਕੀਤੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਉਚਾਰਿਆ "**ਮੁਸਲਮਾਣੁ ਕਹਾਵਣੁ ਮੁਸਕਲੁ ਹੋਇ ਤਾ ਮੁਸਲਮਾਣੁ ਕਹਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥**" ਆਪ ਜੀ ਨੇ ਊਚ-ਨੀਚ ਅਤੇ ਸੱਚੀ ਸੁੱਚੀ ਕਿਰਤ ਨੂੰ ਸਹੀ ਦੱਸ ਕੇ, ਮਲਕ ਭਾਗੋ ਅਤੇ ਭਾਈ ਲਾਲੋ ਦੇ ਦ੍ਰਿਸ਼ਟਾਂਤ ਨਾਲ ਦੱਸਿਆ। ਪ੍ਰੇਮ ਪਿਆਰ ਅਤੇ ਪਰਿਵਾਰਿਕ ਸਾਂਝ ਨੂੰ ਬੇਬੇ ਨਾਨਕੀ (ਭੈਣ) ਨੂੰ ਯਾਦ ਕਰਨ ਦੀ ਸਾਖੀ ਦੱਸਦੀ ਹੈ। ਇਸ ਤੋਂ ਉਪਰੰਤ ਆਪ ਨੇ ਚਾਰੇ ਦਿਸ਼ਾਵਾਂ ਵੱਲ ਉਦਾਸੀਆਂ ਕਰਕੇ ਲੋਕਾਈ ਦਾ ਨਿਰੰਤਰ ਸੁਧਾਰ ਕਰਕੇ ਉਪਦੇਸ਼ ਦਿੱਤਾ ਕਿ ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛੱਕੋ ਜੋ ਕਿ ਸਿੱਖ ਧਰਮ ਦੇ ਇਸ ਰੂਹਾਨੀ ਬਾਨੀ ਵੱਲੋਂ ਮੁੱਢਲੇ ਅਸੂਲ ਸਨ। ਅੱਗੇ ਚੱਲ ਕੇ ਬਾਕੀ ਗੁਰੂ ਸਾਹਿਬਾਨਾਂ ਨੇ ਇਹਨਾਂ ਅਸੂਲਾਂ ਦੀ ਪਕੜ ਕਰਕੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਿਆਇ ਸਮੇਂ-ਸਮੇਂ ਲਗਾਤਾਰ ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਰੱਬੀ ਰੂਪ ਵਿਚਰ ਕੇ ਸਦੀਵੀ ਗੁਰੂ ਸ੍ਰੀ ਗ੍ਰੰਥ ਸਾਹਿਬ ਦੀ ਸੰਪੂਰਨ ਸਥਾਪਨਾ ਹੋਈ ਜਿਸ ਨੂੰ ਗੁਰੂ ਦਾ

ਦਰਜਾ ਹੈ ਅਤੇ "**ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹਿ॥** ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਵੇਂ ਧਰਮ ਨੂੰ ਸਮਝਿਆ ਹੈ, ਉਹ ਇੰਨਾ ਮਹਾਨ ਤੇ ਸਿੱਧਾ ਸਾਦਾ ਹੈ ਕਿ ਹਰ ਆਦਮੀ ਸਹੀ ਅਰਥਾਂ ਵਿਚ ਧਾਰਮਿਕ ਵਿਅਕਤੀ ਬਣ ਸਕਦਾ ਹੈ। ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਸਭ ਸਮੱਸਿਆਵਾਂ ਦਾ ਇੱਕੋ-ਇੱਕ ਹੱਲ ਹੈ। ਸਿੱਖ ਧਰਮ ਇਕ ਸੁਚੱਜੀ ਜੀਵਨ ਜਾਚ ਅਤੇ ਆਦਰਸ਼ਕ ਭਾਈਚਾਰੇ ਦਾ ਨਾਮ ਹੈ। ਜਿਸ ਉੱਤੇ ਪ੍ਰਭੂ-ਭਗਤੀ ਦੀ ਸੱਚੀ ਅਤੇ ਸਦੀਵੀ ਪਾਣ ਚੜ੍ਹੀ ਹੋਈ ਹੈ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪ ਅਜਿਹਾ ਜੀਵਨ ਜਿਉਂ ਕੇ ਦੱਸਿਆ ਹੈ। ਸਿੱਖ ਧਰਮ ਦੀਆਂ ਖ਼ੂਬੀਆਂ ਨੇ ਸੰਸਾਰ ਭਰ ਦੇ ਧਰਮ-ਚਿੰਤਕਾਂ ਅਤੇ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਜਿਵੇਂ ਕਿ "ਧਰਮ ਜੀਵਨ ਜਾਂਚ ਹੈ, ਧਰਮ ਅਸਥਾਨ ਸਿਖਲਾਈ ਕੇਂਦਰ ਹਨ, ਇਕ ਪ੍ਰਮਾਤਮਾ ਤੇ ਵਿਸ਼ਵਾਸ ਅਤੇ ਹੋਰ ਅਡੰਬਰਾਂ ਦਾ ਵਿਰੋਧ, ਸ਼ਬਦ ਗੁਰੂ ਦੀ ਅਗਵਾਈ, "**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ॥ ਗੁਰੂ ਬਾਣੀ ਕਹੈ, ਸੇਵਕ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥**" ਨਾਮ ਸਿਮਰਨ ਦੁਆਰਾ ਆਚਰਣ ਦੀ ਉਸਾਰੀ, ਦੇਸ਼-ਕੌਮ ਅਤੇ ਲੋਕਾਈ ਦੀ ਸੇਵਾ, ਸ਼ਬਦ ਕੀਰਤਨ ਪ੍ਰਭੂ-ਭਗਤੀ ਦਾ ਵਸੀਲਾ, ਜੀਵਨ ਮੁਕਤੀ ਦਾ ਸਿਧਾਂਤ "**ਓਹਿ ਧਨਵੰਤ ਕੁਲਵੰਤ ਪਤਿਵੰਤ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥**" ਧਰਮ ਪ੍ਰਚਾਰ, ਵਿਲੱਖਣ ਅਰਦਾਸ, ਗ੍ਰਹਿਸਥੀਆਂ ਦਾ ਧਰਮ, ਸੰਗਤੀ ਧਰਮ, ਮਨੁੱਖੀ ਏਕਤਾ ਦਾ ਸਨਮਾਨ, ਜਾਤੀਵਾਦ ਦਾ ਵਿਰੋਧ, ਇਸਤਰੀ ਜਾਤੀ ਦਾ ਸਨਮਾਨ, ਲੰਗਰ ਮਰਯਾਦਾ, ਭਗਤੀ ਤੇ ਸ਼ਕਤੀ ਦਾ ਸੁਮੇਲ, ਚੜ੍ਹਦੀ ਕਲਾ ਦਾ ਮਾਰਗ, ਧਰਮ ਤੇ ਰਾਜਨੀਤੀ ਦਾ ਸੁਮੇਲ ਇਤਿਆਦਿ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੌਂਵੀਂ ਜੋਤ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਵਸ ਵੀ ਸੰਗਤਾਂ ਮਨਾ ਰਹੀਆਂ ਹਨ ਜਿਨ੍ਹਾਂ ਨੇ ਹਿੰਦ ਦੀ ਚਾਦਰ ਬਣ ਕੇ ਲਾਸਾਨੀ ਸ਼ਹਾਦਤ ਦਿੱਲੀ ਵਿਖੇ ਆਪਣੇ ਪਿਆਰਿਆਂ ਸਮੇਤ ਬਿਨਾਂ ਕਿਸੇ ਦਬਾਅ, ਲਾਲਚ, ਡਰ, ਭੈਅ ਤੋਂ ਸਿਰਫ਼ ਤੇ ਸਿਰਫ਼ ਮਨੁੱਖਤਾ ਦੀ ਅਤੇ ਖਾਸ ਕਰਕੇ ਹਿੰਦੂ ਧਰਮ ਦੀ ਰੱਖਿਆ ਅਤੇ ਆਨ-ਬਾਣ-ਸ਼ਾਨ ਲਈ ਕੀਤੀ।

ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਤੋਂ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਨੇ ਸਿੱਖੀ ਧਰਮ ਦੇ ਅਸੂਲਾਂ ਤੇ ਪ੍ਰਵਾਨ ਹੁੰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸੋ "**ਸੁਖ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥**"

ਸੋ ਸਾਨੂੰ ਸਭ ਨੂੰ ਆਪਣੀ ਖੁਸਕਿਸਮਤੀ ਸਮਝਣੀ ਚਾਹੀਦੀ ਹੈ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੜ ਲੱਗੇ ਹਾਂ ਅਤੇ ਉਨ੍ਹਾਂ ਦੇ ਦਰਸਾਏ ਮਾਰਗ, ਅਸੂਲਾਂ ਅਤੇ ਬਾਣੀ ਅਨੁਸਾਰ ਕਦਰਾਂ-ਕੀਮਤਾਂ ਦੇ ਦਾਇਰੇ ਵਿਚ ਚੱਲ ਕੇ ਆਪਣੀ ਜੀਵਨ-ਜਾਂਚ ਵਿਚ ਹੋਰ ਸੁਧਾਰ ਲਿਆਈਏ ਅਤੇ ਦੇਸ਼ ਕੌਮ ਦੀ ਭਲਾਈ ਦਾ ਵੀ ਯਤਨ ਸੱਚੇ ਦਿਲੋਂ ਕਿਸੇ ਵਿਰੋਧ, ਵੈਰ, ਈਰਖਾ ਅਤੇ ਜਿੱਦ ਤੋਂ ਬਿਨਾਂ ਕਰੀਏ। ਸਮਾਜ ਦੇ ਜ਼ਰੂਰੀ ਸੁਧਾਰ ਸਮੇਂ-ਸਮੇਂ ਸਿਰ ਕਰਨ ਲਈ ਯਤਨਸ਼ੀਲ ਰਹੀਏ ਜਿਵੇਂ ਕਿ ਨਸ਼ਿਆਂ ਦਾ ਖਾਤਮਾ, ਨੌਜਵਾਨਾਂ ਨੂੰ ਸਹੀ ਦਿਸ਼ਾ ਨਿਰਦੇਸ਼, ਦਾਜ-ਦਹੇਜ ਪ੍ਰਥਾ ਨੂੰ ਠੱਲ ਪਾਉਣੀ, ਵਿੱਦਿਆ ਪਾਸਾਰ ਅਤੇ ਸਮਾਜ ਸੇਵਾ ਵੱਲ ਉਤੇਜਿਤ ਹੋਣ ਨਾਲ ਅਸੀਂ ਸਹੀ ਅਰਥਾਂ ਵਿਚ ਗੁਰੂਆਂ ਦੇ ਗੁਰਪੁਰਬ ਮਨਾਉਂਦੇ ਹੋਏ ਲਾਹੇਵੰਦ ਹੋਵਾਂਗੇ।


**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
ਮੋ. 98140-17067

# ਲੁਬਾਣਾ ਸੇਵਕ



**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org


FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਦਸੰਬਰ - 15-12-2016 (ਵੀਰਵਾਰ)
ਜਨਵਰੀ - 14-1-2017 (ਸ਼ਨੀਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 57 | ਨਵੰਬਰ - 2016



| | | |
|---|---|---|
| 1. | ਬਾਬੇ ਨਾਨਕ ਦਾ ਉੱਚਾ ਦਰ ਕਿਹੜਾ ਹੈ? | 5 |
| 2. | ਮਨੁੱਖੀ ਏਕਤਾ ਅਤੇ ਗੁਰੂ ਨਾਨਕ ਦੇਵ ਜੀ | 7 |
| 3. | ਮੋਦੀ ਦੇ ਨੋਟਬੰਦੀ ਫਰਮਾਨ ਕਾਰਨ ਲੋਕਾਂ ਦਾ ਜੀਵਨ ਅਤੇ ਕੰਮਕਾਰ... | 10 |
| 4. | ਪੰਜਾਬ, ਪੰਜਾਬੀ ਸੂਬਾ ਤੇ ਪੰਜਾਹਵੀਂ ਵਰ੍ਹੇਗੰਢ | 11 |
| 5. | ਜਿਊਣ ਦਾ ਸਵਾਂਗ ਰਚ ਰਿਹਾ ਅਜੋਕਾ ਮਨੁੱਖ | 13 |
| 6. | ਕਾਫੀ ਬੁੱਲ੍ਹੇ ਸ਼ਾਹ ਜੀ | 15 |
| 7. | ਪੰਜਾਬੀ ਦਾ ਕੰਢੀ ਖੇਤਰ | 16 |
| 8. | ਇਕ ਦਾਨਵੀਰ ਦੀ ਬਾਤ | 17 |
| 9. | ਪ੍ਰਦੂਸ਼ਿਤ ਹਵਾ | 18 |
| 10. | ਜਿਹੋ ਜੇਹੀ ਕੋਕੋ ਓਹੋ ਜਿਹੇ ਬੱਚੇ | 19 |
| 11. | ਸਾਡੇ ਸਮਾਜ ਵਿਚ ਨੂੰਹ ਅਤੇ ਸੱਸ ਦੇ ਰਿਸ਼ਤੇ ਦੀ ਅਹਿਮੀਅਤ | 20 |
| 12. | ਕਹਾਣੀ (ਕੁਰਬਾਨੀ) | 22 |
| 13. | ਸ਼ੋਸਲ ਮੀਡੀਆ ਇਕ ਵਰਦਾਨ | 25 |
| 14. | ਕਿਤੇ ਬੋਲ ਵੇ ਚੰਦਰਿਆ ਕਾਵਾਂ... | 27 |
| 15. | ਸਮਾਜ ਨੂੰ ਇਕ ਚਮਤਕਾਰੀ ਤੋਹਫ਼ਾ | 29 |
| 16. | ਕਾਵਿ-ਕਿਆਰੀ | 31 |
| 17. | ਸਿਹਤ ਸੰਭਾਲ | 33 |
| 18. | की जाणा मैं कौण? | 34 |
| 19. | मधुर वाणी एवं इबादत | 35 |
| 20. | ਆਧੁਨਿਕ ਨਾਰੀ | 36 |
| 21. | SOME CLARIFICATIONS REGARDING CREAMY... | 37 |
| 22. | THE FACT WORLD :- LATEST MEDICAL.... | 39 |
| 23. | ਦਾਨੀ ਸੱਜਣਾਂ ਦੀ ਸੂਚੀ | 40 |
| 24. | ਮੈਟਰੀਮੋਨੀਅਲ | 42 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਬਾਬੇ ਨਾਨਕ ਦਾ ਉੱਚਾ ਦਰ ਕਿਹੜਾ ਹੈ?

**ਰਘਬੀਰ ਸਿੰਘ ਮਾਨਾਂਵਾਲੀ**



ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਤੋਂ ਬਾਅਦ ਇਸ ਜਗਤ ਵਿਚ ਕ੍ਰਾਂਤੀ ਦੀ ਹਨ੍ਹੇਰੀ ਵੱਗ ਤੁਰੀ... ਸਤਿਗੁਰਾਂ ਨੇ ਆਪਣੇ ਇਨਕਲਾਬੀ ਹੱਥਾਂ ਵਿਚ ਪੀੜਤ ਲੁਕਾਈ ਦਾ ਹੱਥ ਥੰਮ ਕੇ ਉਹਨਾਂ ਨੂੰ ਅਖੌਤੀ ਰਸਮਾਂ-ਰਿਵਾਜ਼ਾਂ, ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਕਦਮ ਵਧਾਏ।

ਸਤਿਗੁਰ ਨਾਨਕ ਸਾਹਿਬ ਜੀ ਦੇ ਪ੍ਰਕਾਸ਼ਮਾਨ ਹੋਣ ਸੰਬੰਧੀ ਭਾਈ ਗੁਰਦਾਸ ਜੀ ਦਾ ਇਹ ਬਚਨ - 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।' ਬੜਾ ਹੀ ਪ੍ਰਚੱਲਤ ਹੋ ਕੇ ਸਿੱਖ ਜਗਤ ਵਿਚ ਹਰਮਨ ਪਿਆਰਾ ਬਣ ਚੁੱਕਾ ਹੈ। ਸਤਿਗੁਰ ਨਾਨਕ ਦੇ ਪ੍ਰਗਟ ਸਮੇਂ ਲੋਕਾਂ ਦੇ ਮਨਾਂ ਅਤੇ ਘਰਾਂ ਵਿਚ ਅੰਧ-ਵਿਸ਼ਵਾਸ ਤੇ ਵਹਿਮਾਂ-ਭਰਮਾਂ ਦਾ ਹਨ੍ਹੇਰਾ ਪਸਰਿਆ ਹੋਇਆ ਸੀ। ਘਰ ਵਿਚ ਛੋਟੀ ਮੋਮਬੱਤੀ ਜਾਂ ਮਿੱਟੀ ਦੇ ਛੋਟੇ ਜਿਹੇ ਦੀਵੇ ਦੇ ਜਗ ਪੈਣ ਨਾਲ ਹਨ੍ਹੇਰਾ ਦੂਰ ਹੋਣ ਵਿਚ ਢਿੱਲ ਨਹੀਂ ਲੱਗਦੀ। ਪਰ ਜੇ ਧੁੰਧ ਪਸਰੀ ਹੋਵੇ, ਤਾਂ ਸਿਰ 'ਤੇ ਆਏ ਸੂਰਜ ਦਾ ਪਤਾ ਵੀ ਕਠਿਨਾਈ ਨਾਲ ਹੀ ਲੱਗਦਾ ਹੈ। ਧੁੰਧ ਕਾਰਨ ਪਸਰਿਆ ਹਨ੍ਹੇਰਾ ਕਿਸੇ ਵੀ ਉਪਰਾਲੇ ਨਾਲ ਦੂਰ ਨਹੀਂ ਹੋ ਸਕਦਾ। ਵਹਿਮ-ਭਰਮ ਅਤੇ ਅੰਧ ਵਿਸ਼ਵਾਸ ਇਕ ਗਹਿਰੀ ਧੁੰਧ ਸੀ। ਧਰਮ ਦੇ ਆਗੂ ਪੰਡਿਤ, ਪ੍ਰੋਹਿਤ, ਪੁਜਾਰੀ, ਸਿੱਧ, ਜੋਗੀ ਅਤੇ ਸਿਆਸੀ ਸ਼ਕਤੀ 'ਤੇ ਕਾਬਜ਼ ਰਾਜੇ ਲੋਕਾਂ ਨੂੰ ਕੁਰਾਹੇ ਪਾ ਕੇ ਆਪ ਲੁਟੇਰੇ ਬਣੇ ਹੋਏ ਸਨ ਤੇ ਲੁੱਟ ਨੂੰ ਸਦੀਵੀ ਬਣਾਈ ਰੱਖਣ ਲਈ ਲੋਕਾਂ ਨੂੰ ਨਵੇਂ ਤੋਂ ਨਵੇਂ ਭਰਮ ਜਾਲ ਵਿਚ ਫਸਾ ਰਹੇ ਸਨ। ਅਗਿਆਨਤਾ ਦੀ ਸੰਘਣੀ ਧੁੰਧ ਫੈਲ ਚੁੱਕੀ ਸੀ। ਜਿਸ ਨੂੰ ਗਿਆਨ ਦਾ ਸੂਰਜ ਹੀ ਮਿਟਾਅ ਸਕਦਾ ਸੀ। ਪਰ ਗਿਆਨ ਦੇ ਕਿਸੇ ਸੂਰਜ ਦੀ ਆਸ ਲਗਭਗ ਮੁੱਕ ਚੁੱਕੀ ਸੀ। ਜਦੋਂ ਸਾਰੀ ਮਨੁੱਖਤਾ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਵਿਚ ਫਸ ਕੇ ਆਪਣੀ ਸੋਚ ਵਿਗਾੜ ਬੈਠੀ ਤਾਂ ਇਸ ਪਸਰੇ ਧੁੰਧੂਕਾਰ ਨੂੰ ਮਿਟਾਉਣਾ ਮੁਸ਼ਕਲ ਹੀ ਨਹੀਂ ਅਸੰਭਵ ਵੀ ਹੋ ਗਿਆ ਸੀ। ਸਤਿਗੁਰ ਨਾਨਕ ਸਾਹਿਬ ਨੇ ਭਰਮ ਭੁਲੇਖੇ ਦੀ ਉਸ ਸੰਘਣੀ ਧੁੰਧ ਨੂੰ ਆਪਣੇ ਬਿਬੇਕ ਗਿਆਨ ਦੁਆਰਾ ਮਿਟਾਉਣ ਲਈ ਅਤੇ ਮਨੁੱਖ ਨੂੰ ਸੰਤ-ਸੂਰਮਾ ਬਣਾਉਣ ਦੇ ਕਠਨ ਕਾਰਜ ਕਰਨ ਦਾ ਉਪਰਾਲਾ ਕੀਤਾ। ਅਗਿਆਨਤਾ ਤਾਂ ਦੂਰ ਕੀਤੀ ਜਾ ਸਕਦੀ ਹੈ ਪਰ ਭਰਮ ਅਤੇ ਵਹਿਮ ਦੇ ਜਾਲ ਵਿਚ ਫਸੇ ਨੂੰ ਕੱਢਣਾ ਬੜਾ ਕਠਨ ਹੈ। ਗੁਰੂ ਨਾਨਕ ਸਾਹਿਬ ਨੇ ਇਹ ਜਾਨ-ਲੇਵਾ ਕੰਮ ਕਰਨ ਲਈ ਘਰ-ਪਰਿਵਾਰ ਤਿਆਗ ਦਿੱਤਾ।

ਗੁਰੂ ਨਾਨਕ ਸਾਹਿਬ ਚੰਗੀ ਤਰ੍ਹਾਂ ਜਾਣਦੇ ਸਨ ਕਿ ਵਹਿਮਾਂ-ਭਰਮਾਂ ਵਿਚ ਫਸਿਆ ਮਨੁੱਖ, ਮਨ ਅਤੇ ਸੋਚ ਕਰਕੇ ਕਦੀ ਸੁਖੀ ਨਹੀਂ ਹੋ ਸਕਦਾ। **"ਸੋ ਸੁਖੀਆ ਜਿਸੁ ਭ੍ਰਮੁ ਗਇਆ॥"** (1180) ਸੁਖੀ ਕੇਵਲ ਓਹੀ ਹੋ ਸਕਦਾ ਹੈ, ਜਿਸ ਦੀ ਮੱਤ ਵਹਿਮਾਂ-ਭਰਮਾਂ ਤੋਂ ਬਚੀ ਹੋਈ ਹੋਵੇ।

ਭਾਈ ਨੰਦ ਲਾਲ ਜੀ ਲਿਖਦੇ ਹਨ ਕਿ 'ਜੋ ਲੋਕ ਕਿਸੇ ਭਰਮ ਕਰਕੇ ਰਿਵਾਜ਼ਾਂ ਅਤੇ ਰਸਮਾਂ ਦੇ ਸਮੁੰਦਰ ਵਿਚ ਡੁੱਬੇ ਹੋਏ ਹਨ, ਗੁਰੂ ਸਾਹਿਬ ਉਨ੍ਹਾਂ ਦੇ ਵਿਰੁੱਧ ਹਨ ਅਤੇ ਜਿਹੜੇ ਗੁਰਮੁਖ ਵਹਿਮਾਂ-ਭਰਮਾਂ ਦੇ ਖਿਆਲਾਂ ਦੇ ਸਮੁੰਦਰ ਤੋਂ ਤਰ ਕੇ ਪਾਰ ਹੋਣ ਵਾਲੇ ਹਨ, ਉਨ੍ਹਾਂ ਦੇ ਸਹਾਇਕ ਹਨ।'

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਥਾਂ-ਪੁਰ-ਥਾਂ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਵਿਰੁੱਧ ਬਗ਼ਾਵਤ ਕਰਕੇ ਲੋਕਾਈ ਨੂੰ ਸਹੀ ਰਸਤਾ ਦਿਖਾਇਆ। ਲੋਕਾਈ ਦੇ ਦਰਦ ਨੂੰ ਗੁਰੂ ਨਾਨਕ ਸਾਹਿਬ ਨੇ ਆਪਣਾ ਦਰਦ ਸਮਝਿਆ ਤੇ ਲੰਮੀਆਂ ਯਾਤਰਾਵਾਂ ਕਰਕੇ ਆਪਣੇ ਬਿਬੇਕ-ਗਿਆਨ ਨਾਲ ਲੋਕਾਈ ਨੂੰ ਲੋਕ ਭਾਸ਼ਾ ਵਿਚ ਅਕਾਲ ਪੁਰਖ ਦਾ ਅਸਲ ਗਿਆਨ ਸਮਝਾਇਆ। ਗੁਰੂ ਨਾਨਕ ਸਾਹਿਬ ਜਿਥੋਂ ਵੀ ਲੰਘਦੇ ਗਏ, ਵਹਿਮ-ਭਰਮ ਤੇ ਅੰਧ-ਵਿਸ਼ਵਾਸ ਦੀ ਪਸਰੀ ਸੰਘਣੀ ਧੁੰਧ ਛਟਦੀ ਗਈ। ਭਾਵੇਂ ਲੰਮੇ ਪੈਂਡੇ ਦੀ ਧੂੜ ਨਾਲ ਉਨ੍ਹਾਂ ਦੀਆਂ ਪਿੰਜਣੀਆਂ ਲੱਥ-ਪੱਥ ਹੋਈਆਂ, ਅੱਡੀਆਂ ਤਿੜਕ ਗਈਆਂ... ਪਰ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ ਵਿਚ ਦਗ਼ਦੀਆਂ-ਮੱਘਦੀਆਂ ਤੇਜ਼ ਅੱਖਾਂ ਦੇ ਇਲਾਹੀ ਨੂਰ ਨੇ ਆਪਣੇ ਰਸਤੇ ਵਿਚ ਆਉਣ ਵਾਲੀ ਹਰ ਵਹਿਮ-ਭਰਮ, ਕੂੜ ਅਤੇ ਅੰਧ-ਵਿਸ਼ਵਾਸ ਦੀ ਰੁਕਾਵਟ ਨੂੰ ਤਹਿਸ-ਨਹਿਸ ਕਰ ਦਿੱਤਾ। ਬਾਬੇ ਨਾਨਕ ਦਾ ਪੁੱਟਿਆ ਹਰ ਕਦਮ ਵਹਿਮਾਂ-ਭਰਮਾਂ ਅਤੇ ਪੁਜਾਰੀਆਂ ਲਈ ਖਤਰਨਾਕ

ਸਾਬਤ ਹੋਇਆ। ਤੇ ਇਸ ਤਰ੍ਹਾਂ ਬਾਬੇ ਨਾਨਕ ਦੀਆਂ ਉਹ ਇਲਾਹੀ ਪੈੜਾਂ ਅਤੇ ਉਹਕ ਦਰਮਾ ਜਹੜੇਓ_ਹਨਾਂਲ`ਕਾਈਦ` ਹਿਤ ਅਤੇ ਭਲੇ ਲਈ ਪੁੱਟੇ ਸਨ ਇਕ 'ਉੱਚਾ ਪੀਰ' ਸਥਾਪਿਤ ਕਰਦੇ ਗਏ। ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਤੋਂ ਬਹੁਤ ਉੱਚਾ ਬਾਬੇ ਨਾਨਕ ਦਾ ਉਹ ਦਰ ਜਿਸ 'ਤੇ ਪਹੁੰਚ ਕੇ ਹਰ ਮਨੁੱਖ ਮਾਨੋ ਸਤਿਗੁਰ ਨਾਨਕ ਦੇ ਯਤਨਾਂ ਨਾਲ ਧੁੰਧ ਮਿਟਣ ਤੋਂ ਬਾਅਦ ਫੈਲੇ ਸੱਚ ਦੇ ਚਾਨਣ ਵਿਚ ਲੀਨ ਹੋ ਜਾਂਦਾ ਹੈ। ਲਿਤਾੜੇ ਲੋਕਾਂ ਲਈ ਗੁਰੂ ਨਾਨਕ ਸਾਹਿਬ ਜਗਤ ਪੀਰ, ਜਗਤ ਗੁਰੂ, ਜਗਤ ਬਾਬਾ, ਮਨੁੱਖਤਾ ਦਾ ਰਹਿਬਰ ਅਤੇ ਯੁੱਗ ਪੁਰਸ਼ ਬਣ ਗਏ।



ਮੈਨੂੰ ਕਈ ਸੱਜਣਾਂ ਨੇ ਪੁੱਛਿਆ ਹੈ ਕਿ "ਬਾਬੇ ਨਾਨਕ ਦਾ ਉੱਚਾ ਦਰ ਕਿਹੜਾ ਹੈ? ਕੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਸੁਲਤਾਨਪੁਰ ਲੋਧੀ ਦੇ ਗੁਰਦੁਆਰੇ, ਬਿਦਰ ਵਿਖੇ ਨਾਨਕ ਝੀਰਾ ਅਤੇ ਹੋਰ ਗੁਰੂ ਨਾਨਕ ਸਾਹਿਬ ਦੀ ਚਰਨਛੋਹ ਪ੍ਰਾਪਤ ਅਨੇਕਾਂ ਗੁਰਦੁਆਰਿਆਂ ਵਿਚੋਂ ਕਿਸੇ ਨੂੰ ਬਾਬੇ ਨਾਨਕ ਦਾ ਉੱਚਾ ਦਰ ਆਖਿਆ ਜਾ ਸਕਦਾ ਹੈ?"


ਉੱਚਾ ਦਰ ਬਿਲਡਿੰਗਾਂ (ਇਮਾਰਤਾਂ) ਦੀ ਹੋਂਦ ਨੂੰ ਨਹੀਂ ਕਿਹਾ ਜਾ ਸਕਦਾ। ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਸਥਾਨਾਂ ਤੇ ਇਮਾਰਤਾਂ ਨੂੰ ਹੀ 'ਉੱਚਾ ਦਰ' ਘੋਸ਼ਿਤ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਥਾਂ-ਥਾਂ ਤੀਰਥ-ਯਾਤਰਾਵਾਂ ਅਤੇ ਕਿਸੇ ਵਿਸ਼ੇਸ਼ ਸਥਾਨ ਜਾਂ ਬਿਲਡਿੰਗਾਂ ਦੇ ਪਵਿੱਤਰ ਮੰਨਣ ਦੀ ਸੋਚ ਨੂੰ ਗਲਤ ਦੱਸਦੀ ਹੈ। ਦਰਬਾਰ ਸਾਹਿਬ (ਅੰਮ੍ਰਿਤਸਰ) ਕੰਪਲੈਕਸ ਦੀ ਉਸਾਰੀ ਕੌਮ ਦੇ ਇਕ ਕੇਂਦਰ ਵਜੋਂ ਕੀਤੀ ਗਈ ਸੀ ਨਾ ਕਿ ਕਿਸੇ ਤੀਰਥ ਅਸਥਾਨ ਦੇ ਤੌਰ 'ਤੇ...। ਅੱਜ ਇਹ ਵੀ ਅਫ਼ਸੋਸਜਨਕ ਸੱਚਾਈ ਹੈ ਕਿ ਸਿੱਖ ਕੌਮ ਦੇ ਕੇਂਦਰ ਦੇ ਤੌਰ 'ਤੇ ਉਸਾਰੇ 'ਦਰਬਾਰ ਸਾਹਿਬ' ਕੰਪਲੈਕਸ ਨੂੰ ਇਕ ਤੀਰਥ ਦਾ ਰੂਪ ਦਿੰਦੇ ਹੋਏ ਹੁਣ ਸਿੱਖਾਂ ਨੇ ਗੁਰਮਤਿ ਵੱਲ ਪਿੱਠ ਕਰ ਲਈ ਹੈ। ਇਹ ਕੇਂਦਰ ਹੁਣ ਤੀਰਥ ਬਣੇ ਅਨੇਕਾਂ ਮਨਮੱਤਾਂ ਦਾ ਘਰ ਬਣ ਗਿਆ ਹੈ। ਹੁਣ ਤਾਂ ਸਿੱਖਾਂ ਨੇ ਆਪਣੇ ਅਨੇਕਾਂ ਇਤਿਹਾਸਕ ਤੇ ਮਿਥਿਹਾਸਕ ਸਥਾਨਾਂ ਨੂੰ ਬ੍ਰਾਹਮਣੀ ਤਰਜ ਦੇ ਤੀਰਥ ਬਣਾ ਕੇ ਗੁਰਮਤਿ ਦੇ ਸਿਧਾਂਤਾਂ ਨੂੰ ਢਾਅ ਲਾਈ ਹੈ।

ਅੱਜ ਕੌਮ ਬ੍ਰਾਹਮਣਵਾਦ ਅਤੇ ਪੁਜਾਰੀਵਾਦ ਦੇ ਰੰਗ ਵਿਚ ਬੁਰੀ ਤਰ੍ਹਾਂ ਰੰਗੀ ਹੋਈ ਹੈ। ਅਸਲ ਵਿਚ ਬ੍ਰਾਹਮਣਵਾਦ ਕੀ ਹੈ? "ਮਨਘੜਤ ਅਤੇ ਸਿਆਣਪ ਤੋਂ ਸੱਖਣੀਆਂ ਕਹਾਣੀਆਂ ਸਤਿਗੁਰਾਂ ਦੇ ਪਵਿੱਤਰ ਨਾਮ ਨਾਲ ਜੋੜ ਕੇ ਗੁਰੂ ਸੰਗਤ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਭਰਮ-ਭੁਲੇਖੇ ਪਾਉਣੇ ਹੀ ਬ੍ਰਾਹਮਣਵਾਦ ਹੈ।"

ਜਗਤ ਦੇ ਪੀਰ ਅਤੇ ਵਿਗਿਆਨਕ ਸੋਚ ਦੇ ਧਾਰਨੀ ਸ੍ਰੀ ਗੁਰੂ ਨਾਨਕ ਸਾਹਿਬ ਦੇ ਗੁਰਮਤਿ ਸਿਧਾਂਤ ਨੂੰ ਅੱਗੇ ਵਧਾ ਕੇ ਬਾਕੀ ਗੁਰੂ ਸਾਹਿਬਾਨ ਨੇ ਉਹਨਾਂ ਸਿਧਾਂਤਾਂ ਨੂੰ ਮਹਾਨ ਬਣਾਇਆ ਹੈ। ਸਾਡੇ ਲਈ 'ਉੱਚਾ ਦਰ' ਸਿਰਫ਼ ਗੁਰਮਤਿ ਦੇ ਸਿਧਾਂਤ ਹਨ। ਜਿਨ੍ਹਾਂ ਨੂੰ ਸਥਾਪਿਤ ਕਰਨ ਲਈ ਗੁਰੂ ਨਾਨਕ ਨੇ ਆਪਣੇ ਜੀਵਨ ਵਿਚ ਲੰਮਾ ਪੈਂਡਾ ਤਹਿ ਕੀਤਾ। ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੇ ਜਬਰ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ। ਸਮਾਜਿਕ ਕਦਰਾਂ-ਕੀਮਤਾਂ ਦੇ ਨਵੇਂ ਰਾਹ ਅਤੇ ਨਵੇਂ ਸਿਧਾਂਤ ਉਲੀਕੇ। ਜਗਤ ਗੁਰੂ ਬਾਬੇ ਨਾਨਕ ਦੇ ਸਿਧਾਂਤਾਂ 'ਤੇ ਪਹਿਰਾ ਦੇ ਕੇ ਬਾਕੀ ਗੁਰੂ ਸਾਹਿਬਾਂ ਨੇ ਅਨੇਕਾਂ ਕਸ਼ਟ ਸਹੇ ਅਤੇ ਕੁਰਬਾਨੀਆਂ ਕੀਤੀਆਂ, ਪਰ 'ਉੱਚੇ ਦਰ' ਨੂੰ ਢਾਹ ਨਾ ਲੱਗਣ ਦਿੱਤੀ ਅਤੇ ਉਚੇ ਸਿਧਾਂਤਾਂ ਨਾਲ ਸਾਨੂੰ ਅਨੇਕਾਂ ਸੇਧਾਂ ਦਿੱਤੀਆਂ। ਜੇ ਕੋਈ ਧਰਮ ਅਸਥਾਨ ਗੁਰੂ ਸਾਹਿਬਾਂ ਦੀ ਚਰਨਛੋਹ ਪ੍ਰਾਪਤ ਹੈ ਤੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਪ੍ਰਕਾਸ਼ਮਾਨ ਹਨ। ਪਰ ਉਥੇ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਕਾਰਜ ਕਰਕੇ ਗੁਰਬਾਣੀ ਸਿਧਾਂਤਾਂ ਨੂੰ ਨੀਵਾਂ ਕੀਤਾ ਜਾ ਰਿਹਾ ਹੋਵੇ ਤਾਂ ਮਾਫ਼ ਕਰਨਾ ਉਹ 'ਉੱਚਾ ਦਰ' ਕਦੀ ਨਹੀਂ ਹੋ ਸਕਦਾ। 'ਉੱਚਾ ਦਰ' ਤਾਂ ਗੁਰਮਤਿ ਦੇ ਉੱਚੇ ਸਿਧਾਂਤ, ਉੱਚਾ ਇਖਲਾਕ, ਉੱਚੀ ਸੋਚ, ਉੱਚਾ ਵਿਵਹਾਰ ਤੇ ਉੱਚਾ ਕਾਰਜ ਹੋਣਾ ਚਾਹੀਦਾ ਹੈ। 'ਉੱਚੇ ਦਰ' 'ਤੇ ਵਹਿਮ-ਭਰਮ, ਅੰਧ-ਵਿਸ਼ਵਾਸ, ਈਰਖਾ ਤੇ ਵਿਤਕਰੇ ਲਈ ਕੋਈ ਥਾਂ ਨਹੀਂ ਹੈ। 'ਉੱਚਾ ਦਰ' ਉਹ ਹੈ ਜਿੱਥੇ ਕੋਈ ਜਾਤ-ਪਾਤ ਨਹੀਂ ਹੈ। ਜਿੱਥੇ ਕੋਈ ਵੱਡਾ-ਛੋਟਾ, ਉੱਚਾ ਨੀਵਾਂ ਤੇ ਆਪਣਾ-ਪਰਾਇਆ ਨਹੀਂ ਹੈ। ਜਿੱਥੇ ਕਿਰਤੀ ਭਾਈ ਲਾਲੋਆਂ ਨੂੰ ਛਾਤੀ ਨਾਲ ਲਾਇਆ ਜਾਂਦਾ ਹੋਵੇ। ਜਿੱਥੇ ਹਰੇਕ ਲਈ ਮਾਣ-ਸਤਿਕਾਰ ਹੋਵੇ। ਜਿੱਥੇ ਮਨਮਤਿ ਤੇ ਬਿਪਰ ਰੀਤਾਂ ਨਾ ਹੋਣ। ਜਿੱਥੇ ਗੁਰੂ ਨਾਨਕ ਸਾਹਿਬ ਨਾਲ ਜੋੜੀਆਂ ਅਖੌਤੀ ਕਰਾਮਾਤਾਂ ਤੇ ਕਥਾਵਾਂ ਨਾ ਹੋਣ। ਜਿੱਥੇ ਬਾਬੇ ਨਾਨਕ ਦੀ ਬਾਣੀ ਦਾ ਸੱਚ ਹੋਵੇ। ਜਿੱਥੇ ਨਿਥਾਵਿਆਂ ਲਈ ਥਾਂ ਅਤੇ ਨਿਆਸਰਿਆਂ ਲਈ ਆਸਰਾ ਹੋਵੇ। ਜਿੱਥੇ ਗਰੀਬ ਦਾ ਹੱਥ ਫੜਨ ਦਾ ਅਸੂਲ ਹੋਵੇ। ਜਿੱਥੇ ਕੋਈ ਧੱਕਾ ਅਤੇ ਬੇਇਨਸਾਫ਼ੀ ਨਾ ਹੋਵੇ। ਜਿੱਥੇ **"ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨਿ॥"** ਦੀ ਪਰੰਪਰਾ ਹੋਵੇ। ਜਿੱਥੇ ਸਿਰਫ਼ ਬਾਬੇ ਨਾਨਕ ਦਾ ਹੁਕਮ ਚਲਦਾ ਹੋਵੇ। ਜਿੱਥੇ ਕਹਿਣੀ ਅਤੇ ਕਰਨੀ ਵਿਚ ਅੰਤਰ ਨਾ ਹੋਵੇ। ਜਿੱਥੇ ਮਨ ਨੂੰ ਸਕੂਨ ਮਿਲਦਾ ਹੋਵੇ। ਜਿੱਥੇ ਹਰੇਕ ਵਿਅਕਤੀ ਨੂੰ ਬਾਬਾ ਨਾਨਕ ਉਹਦੇ ਨਾਲ-ਨਾਲ ਤੁਰ ਰਿਹਾ ਪ੍ਰਤੀਤ ਹੁੰਦਾ ਹੋਵੇ। ਅਜਿਹੇ ਦਰ ਨੂੰ ਹੀ ਬਾਬੇ ਨਾਨਕ ਦਾ 'ਉੱਚਾ ਦਰ' ਆਖਿਆ ਜਾ ਸਕਦਾ ਹੈ।

# ਮਨੁੱਖੀ ਏਕਤਾ ਅਤੇ ਗੁਰੂ ਨਾਨਕ ਦੇਵ ਜੀ

ਸ. ਰਾਜਵੰਤ ਸਿੰਘ ਰਾਣਾ




ਮਨੁੱਖੀ ਏਕਤਾ ਇਕ ਵਿਸ਼ਵ ਵਿਆਪੀ ਸੰਕਲਪ ਹੈ। ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਸਿੱਖ ਸੰਸਾਰ ਭਰ ਦੇ ਮਨੁੱਖਾਂ ਦੀ ਏਕਤਾ ਦੇ ਚਾਹਵਾਨ ਹਨ ਅਤੇ ਇਸੇ ਦ੍ਰਿਸ਼ਟੀਕੋਣ ਨੂੰ ਸਾਹਮਣੇ ਰੱਖ ਕੇ, ਰੋਜ ਅਰਦਾਸ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ।

ਪਰਮਾਤਮਾ ਦੀ ਬਖਸ਼ਿਸ਼ ਵੀ ਮਨੁੱਖੀ ਸਮਾਜ ਵਿੱਚ ਸੇਵਾ ਕਰਨ ਵਾਲਿਆਂ ਤੋਂ ਹੁੰਦੀ ਮੰਨੀ ਗਈ ਹੈ:

**ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥** (ਪੰਨਾ ੨੩)

ਏਕੁ ਪਿਤਾ ਏਕਸ ਕੇ ਹਮ ਬਾਰਿਕ ਹੋਣ ਦਾ ਤਸਵਰ ਵੀ ਇਸੇ ਪਾਸੇ ਸੰਕੇਤ ਕਰਦਾ ਹੈ। ਪਰ ਜਿੱਥੋਂ ਤੱਕ ਕੌਮੀ ਏਕਤਾ ਦੇ ਸੰਕਲਪ ਦਾ ਸੰਬਧ ਹੈ, ਇਹ ਮਾਨਵੀ ਏਕਤਾ ਦੇ ਸੰਕਲਪ ਤੋਂ ਬਹੁਤ ਹੀ ਸੰਕੁਚਿਤ ਹੈ। ਉਦਾਹਰਣ ਲਈ ਭਾਰਤ ਵਿੱਚ ਕੌਮੀ ਏਕਤਾ ਦਾ ਭਾਵ ਕੇਵਲ ਭਾਰਤੀ ਲੋਕਾਂ ਦੀ ਏਕਤਾ ਤੋਂ ਹੈ। ਇਸ ਦੀਆਂ ਹੱਦਾਂ ਤੋਂ ਬਾਹਰ ਵੱਸਦੇ ਲੋਕਾਂ ਦਾ ਇਸ ਨਾਲ ਕੋਈ ਡੂੰਘਾ ਤੇ ਅਨਿਖੜ ਸਬੰਧ ਨਹੀਂ। ਇਸੇ ਤਰ੍ਹਾਂ ਦੀ ਗੱਲ, ਹਰ ਮੁਲਕ ਜਿਵੇਂ ਪਾਕਿਸਤਾਨ, ਅਫਗਾਨਿਸਤਾਨ, ਈਰਾਨ, ਇਰਾਕ, ਤਜਾਕਿਸਤਾਨ, ਉਜਬੇਕਿਸਤਾਨ, ਨਿਪਾਲ, ਚੀਨ , ਜਾਪਾਨ, ਅਮਰੀਕਾ, ਇੰਗਲੈਂਡ ਅਤੇ ਫਰਾਂਸ ਆਦਿ ਮੁਲਕਾਂ ਦੀਆਂ ਹੱਦਾਂ ਅੰਦਰ ਵੱਸਦੇ ਲੋਕਾਂ ਬਾਰੇ ਕਹੀ ਜਾ ਸਕੀ ਹੈ। ਜਦ ਕਿ ਮਨੁੱਖੀ ਏਕਤਾ ਦਾ ਸੰਕਲਪ, ਮੁਲਕੀ ਹੱਦਾਂ ਬੰਨਿਆਂ ਨੂੰ ਤੋੜ ਕੇ ਸਮੁੱਚੇ ਮਨੁੱਖੀ ਭਾਈਚਾਰੇ ਦੀ ਏਕਤਾ ਦੀ ਗੱਲ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ, ਸੇਵਕਾਂ ਅਤੇ ਸ਼ਰਧਾਲੂਆਂ ਨੂੰ ਜਾਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਧਾਰਮਿਕ ਮੱਤਾਂ ਦੇ ਲੋਕਾਂ ਨੂੰ ਸਾਰੇ ਮੁਲਕੀ ਹੱਦਾਂ ਬੰਨਿਆਂ ਤੋਂ ਮੁਕਤ ਕਰ ਦਿੱਤਾ ਹੈ ਤੇ ਇਕ ਵਿਸ਼ਵ ਪੱਧਰ ਦੀ ਸੰਭਾਵਨਾ ਅਤੇ ਸਰਬ ਸਾਂਝੀਵਾਲਤਾ ਦੀ ਸਿੱਖਿਆ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਆਚਰਣ ਨੂੰ ਹੀ ਚੰਗੇ ਜਾਂ ਮੰਦੇ ਹੋਣ ਦਾ ਅਧਾਰ ਸਵੀਕਾਰ ਕੀਤਾ ਹੈ, ਧਰਮ ਅਤੇ ਜਾਤਿ ਪਾਤਿ ਦੇ ਅਧਾਰ ਨੂੰ ਨਕਾਰ ਦਿੱਤਾ ਹੈ।

ਹਿੰਦੂ ਧਰਮ ਵਿੱਚ ਜਨੇਊ ਪਾਣਾ ਇੱਕ ਧਾਰਮਿਕ ਰੀਤੀ ਹੈ। ਕਿਸੇ ਨੂੰ ਹਿੰਦੂ ਧਰਮ ਵਿੱਚ ਪ੍ਰਵਿਸ਼ਟ ਕਰਨ ਲਈ ਇਹ ਰੀਤੀ ਨਿਭਾਈ ਜਾਂਦੀ ਹੈ ਅਤੇ ਇਸ ਅਨੁਸਾਰ ਮਹਿਤਾ ਕਾਲੂ (ਕਲਿਆਣ ਦਾਸ) ਨੇ ਨਾਨਕ ਦੇਵ ਨੂੰ, ਧਰਮ ਵਿੱਚ ਪ੍ਰਵੇਸ਼ ਕਰਾਉਣ ਲਈ ਜਨੇਊ ਪਾਣ ਦਾ ਸਮਾਰੋਹ ਸੱਦਿਆ, ਪਰ ਉਨ੍ਹਾਂ ਨੇ ਇਸ ਨੂੰ ਸਵੀਕਾਰਨ ਤੋਂ ਇਨਕਾਰ ਕਰ ਦਿੱਤਾ। ਇਸ ਦੇ ਨਾਲ ਹੀ ਨਾਲ ਇਕ ਜੀਵਨ ਜਾਂਚ ਦਾ ਪਰ ਉਸੇ ਧਾਰਮਿਕ ਸ਼ਬਦਾਵਲੀ ਵਿੱਚ ਪ੍ਰਗਟਾ ਕੀਤਾ ਅਤੇ ਆਪਣੀ ਵਿਚਾਰਧਾਰਾ ਰਾਹੀਂ ਉਸ ਰਸਮ ਦੇ ਮੁਦਈਆ ਨੂੰ ਲਾਜਵਾਬ ਕਰ ਦਿੱਤਾ।

ਉਨ੍ਹਾਂ ਆਪਣੇ ਕੁਲ ਪ੍ਰੋਹਿਤ ਗੋਪਾਲ ਪਾਂਧੇ ਨੂੰ ਕਿਹਾ ਜੇ ਉਸ ਪਾਸ ਦਇਆ ਰੂਪੀ ਕਪਾਹ ਹੈ, ਸੰਤੋਖ ਰੂਪੀ ਸੂਤਰ ਉਸ ਪਾਸ ਹੈ, ਜਤ ਦੀਆਂ ਉਸ ਨੂੰ ਗੰਢਾਂ ਹਨ, ਸਤ ਦੇ ਵੱਟ ਹਨ ਤਾਂ ਉਹ ਅਜਿਹੇ ਚੱਜ ਅਚਾਰ ਦਾ ਜਨੇਊ ਪਾਉਣ ਨੂੰ ਤਿਆਰ ਹਨ। ਇਹ ਜਨੇਊ, ਜੀਅ (ਆਤਮਾ) ਦਾ ਹੈ, ਜੇ ਇਹ ਉਸ ਪਾਸ ਹੈ, ਤਾਂ ਉਹ ਉਨ੍ਹਾਂ ਦੇ ਗਲ ਵੀ ਪਾ ਦੇਵੇ। ਇਸ ਜਨੇਊ ਨੂੰ ਨਾ ਮੈਲ ਲੱਗਦੀ ਹੈ, ਨਾ ਇਹ ਟੁੱਟਦਾ ਹੈ, ਨਾ ਇਹ ਜਲਦਾ ਹੈ, ਨਾ ਹੀ ਇਹ ਖਤਮ ਹੁੰਦਾ ਹੈ। ਅਜਿਹਾ ਜਨੇਊ ਪਾਣ ਵਾਲੇ ਮਨੁੱਖ ਧੰਨ ਹਨ। ਆਪਣੀ ਅਮਰ ਰਚਨਾ, ਆਸਾ ਦੀ ਵਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥** (ਪੰਨਾ ੪੭੧)

ਜਨੇਊ ਦੇ ਇਸ ਅਰੂਪ ਰੂਪ ਵਿੱਚੋਂ ਕਿਸੇ ਵੀ ਸੱਚੇ ਵਿਦਵਾਨ ਅਤੇ ਧਾਰਮਿਕ ਸੱਜਣ ਨੂੰ ਕੋਈ ਹੱਦ ਬੰਨੀ ਨਜ਼ਰ ਨਹੀਂ ਆ ਸਕਦੀ। ਸਿਰਫ ਸੰਦਰਭ ਹਿੰਦੂ ਧਰਮ ਤੇ ਸ਼ਬਦਾਵਲੀ ਦਾ ਹੈ, ਪਰ ਉਦੇਸ਼ ਸਾਰੇ ਮਾਨਵਾਂ ਲਈ ਸਾਂਝਾ ਹੈ ਕਿ ਅਸਲ ਗੱਲ ਸਚੁ ਆਚਾਰ ਦੀ ਹੈ। ਕਰਮ ਕਾਂਡਾ ਦੀ ਨਹੀਂ।

ਅਜਿਹੇ ਕਰਮ ਕਾਂਡ ਲੱਗ ਪੱਗ ਸੰਸਾਰ ਦੇ ਸਾਰੇ ਧਾਰਮਿਕ ਮੱਤਾ ਵਿੱਚ

ਹਨ, ਜਿਨ੍ਹਾਂ ਦੇ ਤਿਆਗ ਦੀ ਸਿੱਖਿਆ ਗੁਰੂ ਸਾਹਿਬ ਜੀ ਨੇ ਦਿੱਤੀ ਹੈ ਅਤੇ ਸੱਚੇ ਤੇ ਸੁੱਚੇ ਆਚਰਣ ਦੀ ਮਹਾਨਤਾ ਨੂੰ ਦਰਸਾਇਆ ਹੈ ਉਸ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਹੈ।

ਇਸਲਾਮ ਵਿੱਚ ਪੰਜ ਨਿਮਾਜ਼ਾਂ ਪੜ੍ਹਨਾ ਮੋਮਨ ਦਾ ਫਰਜ ਦੱਸਿਆ ਹੈ ਕਿ ਪਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨਮਾਜ਼ਾਂ ਦੇ ਤਸਵਰ ਨੂੰ ਨਵਾਂ ਸਰੂਪ ਬਖਸ਼ਿਆ ਹੈ।

**ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ**
**ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥**
**ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥** (ਪੰਨਾ ੧੪੧)

ਗੁਰੂ ਨਾਨਕ ਦੇਵ ਜੀ ਅਨੁਸਾਰ ਪਹਿਲੀ ਨਮਾਜ ਸੱਚ ਦੀ ਤਲਾਸ਼ ਹੈ, ਦੂਜੀ ਨਮਾਜ ਹਲਾਲ ਹਰਾਮ ਦੀ ਤਮੀਜ ਕਰਕੇ ਹਲਾਲ ਨੂੰ ਅਪਨਾਉਣਾ ਹੈ, ਤੀਜੀ ਨਮਾਜ ਖੁਦਾ ਦੀ ਖੁਦਾਈ (ਜੀਵ ਮਾਤ੍ਰ) ਦਾ ਭਲਾ ਚਾਹੁਣ ਹੈ, ਚੌਥੀ ਨਮਾਜ ਮਨੁੱਖੀ ਨੀਅਤ ਨੂੰ ਰਾਸ ਕਰਨਾ, ਦਰੁਸਤ ਰੱਖਣਾ ਹੈ ਅਤੇ ਪੰਜਵੀਂ ਨਮਾਜ ਖੁਦਾ ਸਿਫਤ ਤੇ ਸਨਾ (ਗੁਣ ਤੇ ਜਸ) ਦੀ ਹੈ।

ਜਨੇਊ ਅਤੇ ਨਮਾਜ਼ਾਂ ਦੇ ਇਸ ਸਰੂਪਾਂ ਨੇ ਵੀ ਆਪਣੇ ਕਲਾਵੇ ਵਿੱਚ ਜੀਵ ਮਾਤ੍ਰ ਨੂੰ ਲੈ ਰੱਖਿਆ ਹੈ। ਇਹ ਦੋਵੇਂ ਸੰਦੇਸ਼ ਭਾਵੇਂ ਹਿੰਦੂ ਅਤੇ ਮੁਸਲਿਮ ਧਰਮਾਂ ਦੇ ਪ੍ਰਸੰਗ ਅਤੇ ਸ਼ਬਦਾਵਲੀ ਦੇ ਹਨ,ਪਰ ਹਨ ਇਹ ਮਾਨਵੀ ਜਾਂ ਵਿਸ਼ਵ ਸਦਭਾਵਨਾ ਦੇ।


ਮਾਨਵੀ ਏਕਤਾ ਦਾ ਸੰਦੇਸ਼ ਬਾਬਾ ਕਬੀਰ ਦੇ ਇਸ ਸ਼ਬਦ ਵਿੱਚੋਂ ਵੀ ਡੁੱਲ੍ਹ ਡੁੱਲ੍ਹ ਪੈਂਦਾ ਹੈ, ਜ਼ਰਾ ਸੂਝ ਅੱਖ ਨਾਲ ਮੰਨਨ ਕਰਨ ਨਾਲ ਬੰਦਾ ਇਸ ਤੱਕ ਪੁੱਜ ਜਾਂਦਾ ਹੈ

**ਅਵਲਿ ਅਲਹ ਨੂਰੁ ਉਪਾਇਆ**
**ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥**
**ਲੋਗਾ ਭਰਮਿ ਨ ਭੂਲਹੁ ਭਾਈ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥**
(ਪੰਨਾ ੧੩੪੯)

ਧਾਰਮਿਕ ਸਦਭਾਵਨਾ ਦੇ ਅਧਾਰ ਤੇ,ਕੌਮੀ ਏਕਤਾ ਹੀ ਨਹੀਂ, ਕੌਮਾਂਤਰੀ ਏਕਤਾ ਤੇ ਸਦਭਾਵਨਾ ਵੀ ਉਸਾਰੀ ਜਾ ਸਕਦੀ ਹੈ ਅਤੇ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਸਾਰੇ ਗੁਰੂ ਸਾਹਿਬਾਨ ਦਾ ਵੀ ਇਹ ਹੀ ਮਨੋਰਥ ਸੀ। ਬਾਬੇ ਨਾਨਕ ਨੇ ਤਾਂ ਆਪਣੀ ਜ਼ਿੰਦਗੀ ਦੇ ਇੱਕੀ ਕੁ ਸਾਲ ਚੌਹਾਂ ਉਦਾਸੀਆਂ ਦੇ ਵੇਲੇ ਦੇ ਭਰਮਣ ਵਿੱਚ ਗੁਜ਼ਾਰੇ। ਦੇਸ਼ ਦੇ ਅੱਡ ਅੱਡ ਭਾਗਾਂ ਵਿੱਚ ਸਥਿਤ ਉਸ ਸਮੇਂ ਧਾਰਮਿਕ ਸੰਤਾਂ-ਸਾਧੂਆਂ ਤੇ ਪੀਰਾਂ-ਫਕੀਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਨ੍ਹਾਂ ਤੇ ਮਾਨਵ ਏਕਤਾ ਦੇ ਉਦੇਸ਼ ਦੀ ਉਤਮਤਾ ਪ੍ਰਗਟਾਈ। ਕਰਮਾਂ ਕਾਂਡਾਂ ਦੀ ਥਾਂ 'ਤੇ ਅਚਾਰ ਦੀ ਸੁੱਚਤਾ ਤੇ ਸੱਚਤਾ ਨੂੰ ਅਪਨਾਉਣ ਦੀ ਗੱਲ ਕਹੀ।

ਵਿਦੇਸ਼ਾਂ ਵਿੱਚ ਵੀ ਉਹ ਇਸੇ ਮਕਸਦ ਲਈ ਗਏ। ਲੰਕਾਂ, ਤਿੱਬਤ, ਅਫਗਾਨਿਸਤਾਨ ਅਤੇ ਅਰਬ ਵਿੱਚ ਮੱਕਾ ਸ਼ਰੀਫ ਤੱਕ ਜਾਣ ਦੇ ਪ੍ਰਮਾਣ, ਉਥੋਂ ਦੇ ਧਾਰਮਿਕ ਸਥਾਨਾਂ ਤੋਂ ਮਿਲਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸਿੱਖ ਲਹਿਰ ਦਾ ਸੁਲਤਾਨਪੁਰ ਤੋਂ ਆਰੰਭ ਕਰਦਿਆਂ ਇਹ ਹੋਕਾ ਦਿੱਤਾ ਸੀ-**'ਨਾ ਹਮ ਹਿੰਦੂ ਨਾ ਮੁਸਲਮਾਨ।'**



ਇਸੇ ਹੋਕੇ ਤੋਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਦੇ ਦੋਹਾਂ ਧਰਮਾਂ ਨੂੰ ਮੰਨਣ ਵਾਲੇ ਆਪਣੇ ਆਪਣੇ ਧਰਮ ਦੀ ਪਵਿੱਤਰ ਆਤਮਾ ਨੂੰ ਭੁੱਲ ਚੁੱਕੇ ਸਨ ਅਤੇ ਉਹ ਕਰਮ ਕਾਂਡੀ ਬਣ ਕੇ ਰਹਿ ਗਏ ਸਨ।

ਉਦੋਂ ਦਾ ਹਿੰਦੂ, ਹਿੰਦੂ ਧਰਮ ਦੇ ਮੂਲ ਸਿਧਾਂਤਾਂ ਨੂੰ ਭੁੱਲ ਚੁੱਕਾ ਸੀ, ਹਿੰਦੂ ਧਰਮ ਦੀ ਆਤਮਾ ਤੋਂ ਮੂੰਹ ਮੋੜ ਚੁੱਕਾ ਸੀ। ਕਰਮਾਂ-ਕਾਂਡਾ ਨੂੰ ਹੀ ਧਰਮ ਸਮਝਦਾ ਸੀ। ਭਰਮਾਂ-ਭੁਲੇਖਿਆਂ ਵਿੱਚ ਬ੍ਰਾਹਮਣਾਂ ਨੇ ਉਸ ਨੂੰ ਫਸਾ ਦਿੱਤਾ ਸੀ। ਵਰਣਾਸ਼ਰਮ ਦੀ ਜ਼ਿਲ੍ਹਣ ਵਿੱਚ, ਉਹ ਬੁਰੀ ਤਰ੍ਹਾਂ ਉਲਝ ਚੁੱਕਾ ਸੀ। ਜੀਵਨ ਆਦਰਸ਼ ਨੂੰ ਹਿੰਦੂ ਭੁੱਲ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ;

**ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥**
**ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥**
**ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥**
**ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥**
(ਪੰਨਾ ੪੭੦)

ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਵਿੱਚ ਮੁਸਲਮਾਨ ਬਾਦਸ਼ਾਹਾਂ ਤੇ ਸ਼ਹਿਨਸ਼ਾਹ ਦੇ ਅਮੀਰਾਂ ਤੇ ਵਜੀਰਾਂ ਵਿੱਚ ਕਈ ਹਿੰਦੂ ਵੀ ਹੁੰਦੇ ਸਨ, ਜਿਹੜੇ ਇਸਲਾਮੀ ਹਕੂਮਤ ਦੇ ਅਧੀਨ ਕਈ ਪ੍ਰਕਾਰ ਦੇ ਹਿੰਦੂ ਵਿਰੋਧੀ ਹੁਕਮ ਦੇਂਦੇ ਸਨ ਤੇ ਉਨ੍ਹਾਂ ਦੇ ਧਰਮ ਦੀ ਖਿੱਲੀ ਉਡਾਉਂਦੇ ਸਨ। ਉਨ੍ਹਾਂ ਦੇ ਅਜਿਹੇ ਵਿਰੋਧਾਭਾਸ-ਗ੍ਰਸਤ ਕਿਰਦਾਰ ਦਾ ਚਿਤ੍ਰ ਗੁਰੂ ਨਾਨਕ ਦੇਵ ਜੀ ਇਨ੍ਹਾਂ ਸ਼ਬਦਾਂ ਵਿੱਚ ਚਿਤਰਦੇ ਹਨ:

**ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥**
**ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥**
**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥**
**ਛੋਡੀਲੇ ਪਾਖੰਡਾ॥**
**ਨਾਮਿ ਲਇਐ ਜਾਹਿ ਤਰੰਦਾ॥੧॥** (ਪੰਨਾ ੪੭੧)

ਇਸੇ ਤਰ੍ਹਾਂ ਮੁਸਲਮਾਨਾਂ ਨੂੰ ਵੀ ਕਰਮਾਂ ਕਾਂਡਾਂ ਵਿੱਚ ਫਸਿਆ ਦੇਖ ਕੇ, ਬ੍ਰਾਹਮਣਾਂ ਵਾਂਗ ਹੀ ਕਾਜੀਆਂ, ਮੌਲਾਣਿਆਂ ਦਾ ਕਿਰਦਾਰ ਵੀ ਵਿਰੋਧਾਭਾਸ ਦਾ ਲਖਾਇਕ ਸੀ, ਉਸ ਨੂੰ ਗੁਰੂ ਸਾਹਿਬ ਉਲੀਕਦੇ ਹਨ;

**ਮਾਣਸ ਖਾਣੇ ਕਰਹਿ ਨਿਵਾਜ॥**
**ਛੁਰੀ ਵਗਾਇਨਿ ਤਿਨ ਗਲਿ ਤਾਗ॥**

ਤਿਨ ਘਰਿ ਬ੍ਰਹਮਣ ਪੂਰਹਿ ਨਾਦ॥
ਉਨ੍ਹਾਂ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥
ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥
ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥
ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥
ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥
ਮਨਿ ਜੂਠੇ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥
ਸੁਚਿ ਹੋਵੈ ਤਾ ਸਚੁ ਪਾਈਐ॥ (ਪੰਨਾ ੪੭੧-੭੨)

ਬ੍ਰਾਹਮਣਾਂ ਅਤੇ ਪੁਜਾਰੀਆਂ, ਕਾਜ਼ੀਆਂ ਅਤੇ ਮੌਲਾਣਿਆਂ, ਹਿੰਦੂ ਤੇ ਮੁਸਲਿਮ ਧਾਰਮਿਕ ਮੱਤਾਂ ਦੇ ਪ੍ਰਤੀਨਿਧੀਆਂ ਦਾ ਅਜਿਹਾ ਕਰੂਪ ਰੂਪ ਚਿੱਤਰ ਕੇ, ਗੁਰੂ ਨਾਨਕ ਦੇਵ ਜੀ ਨੇ ਜਨ ਸਾਧਾਰਣ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸੁਚੇਤ ਕੀਤਾ ਅਤੇ ਅਸਿੱਧੇ ਰੂਪ ਵਿੱਚ ਸੰਕੇਤ ਕੀਤਾ ਕਿ ਉਹ ਸੱਚ ਤੇ ਸੁੱਚੇ ਮਨ ਨਾਲ, ਉਸ ਸੁੱਚੇ ਖੁਦਾ ਤੇ ਪਰਮਾਤਮਾ ਨੂੰ ਧਿਆਉਣ, ਉਸ ਦੇ ਨਾਮ ਦਾ ਸਿਮਰਨ ਜਾਂ ਵਿਰਦ ਕਰਨ ਤਾਂ ਹੀ ਉਸ ਸੱਚੇ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਮਾਨਵੀ ਏਕਤਾ ਅਤੇ ਵਿਸ਼ਵ ਵਿਆਪੀ ਸਦਭਾਵਨਾ ਦੀ ਲਹਿਰ, ਸਾਰੇ ਸੰਸਾਰ ਵਿੱਚ ਚਲਾਈ ਜਾ ਸਕਦੀ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ।

ਜਦੋਂ ਕੋਈ ਸੂਝਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ-ਸੂਤਰੀ ਕਾਰਜ-ਕ੍ਰਮ ਦੀ ਗੱਲ ਕਰਦਾ ਹੈ (੧) ਕਿਰਤ ਕਰਨ (੨) ਨਾਮ ਜਪਣ ਤੇ (੩) ਵੰਡ ਛਕਣ ਦੀ ਤਾਂ ਸੰਸਾਰ ਦੇ ਸਾਰੇ ਲੋਕਾਂ ਦੀ ਭਲਾਈ ਦੇ ਇਸ ਕਾਰਜ ਕ੍ਰਮ ਨੂੰ ਸਹੀ ਅਰਥਾਂ ਵਿੱਚ ਸਮਝਿਆ ਜਾ ਸਕਦਾ ਹੈ, ਇਹ ਕਿਸੇ ਇਕ ਸੰਪ੍ਰਦਾਇ-ਵਿਸ਼ੇਸ਼ ਦਾ ਕਾਰਜ ਕ੍ਰਮ ਨਹੀਂ ਜਾਪਦਾ। ਅਜੋਕੇ ਸਮੇਂ ਅਣਗਹਿਲੀ ਕਾਰਨ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਵਿਸ਼ਵ ਵਿਆਪੀ ਰੂਪ ਵਿੱਚ ਪਸਰਣ ਦੀ ਬਜਾਇ ਇੱਕ ਖਾਸ ਦਾਇਰੇ ਤੱਕ ਸੰਕੁਚਿਤ ਹੋ ਕੇ ਰਹਿ ਗਈਆਂ ਹਨ, ਜੋ ਕਿ ਗੁਰੂ ਜੀ ਦੇ ਮਾਨਵ-ਕਲਿਆਣਕਾਰੀ ਉਪਦੇਸਾਂ ਦੀ ਅਣਦੇਖੀ ਕਰਨ ਵਾਲੀ ਗੱਲ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨੁੱਖੀ ਏਕਤਾ, ਕਲਿਆਣ ਅਤੇ ਸਦਭਾਵਨਾ ਬਾਰੇ ਵਿਦਵਾਨ ਸੱਜਣ ਜਿਤਨੀ ਸਪੱਸ਼ਟਤਾ ਤੇ ਸਰਲਤਾ ਨਾਲ, ਪਰ ਪੂਰੀ ਸੂਝ-ਬੂਝ ਨਾਲ ਲਿਖਣਗੇ ਤਾਂ ਉਹ ਸਿੱਖ ਜਗਤ ਦਾ ਹੀ ਨਹੀਂ ਤੇ ਮਾਨਵ ਮਾਤ੍ਰ ਦਾ ਵੀ ਭਲਾ ਕਰਨਗੇ, ਜਿਹੜਾ ਕਿ ਗੁਰੂ ਸਾਹਿਬ ਜੀ ਦੀ ਸਿੱਖਿਆ ਦਾ ਸਹੀ ਮਨੋਰਥ ਹੈ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**
ਮੋ. 98155-40240,
lubanabs@yahoo.co.in

# ਮੋਦੀ ਦੇ ਨੋਟਬੰਦੀ ਫਰਮਾਨ ਕਾਰਨ ਲੋਕਾਂ ਦਾ ਜੀਵਨ ਅਤੇ ਕੰਮਕਾਰ ਅਸਥ-ਵਿਅਸਥ



8 ਨਵੰਬਰ ਦੀ ਰਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿਚ ਆਰਥਿਕ ਇਨਕਲਾਬ ਲਿਆਉਣ ਦੇ ਮਕਸਦ ਨਾਲ ਅਚਾਨਕ 500 ਅਤੇ 1000 ਵਾਲੇ ਨੋਟ ਬੰਦ ਕਰਨ ਦਾ ਐਲਾਨ ਕਰ ਦਿੱਤਾ। ਇਸ ਨੋਟਬੰਦੀ ਨੇ 85ਫੀਸਦੀ ਲੋਕਾਂ ਦਾ ਜੀਵਨ ਅਸਥ-ਵਿਅਸਥ ਕਰ ਦਿੱਤਾ ਕਿਉਂਕਿ ਇਕੋ ਝਟਕੇ ਨਾਲ ਉਨ੍ਹਾਂ ਨੇ ਦੇਸ਼ ਦੀ 85ਫੀਸਦੀ ਕਰੰਸੀ ਹੀ ਬੰਦ ਕਰ ਦਿੱਤੀ। ਜ਼ਰਾ ਸੋਚੋ 15ਫੀਸਦੀ ਬਾਕੀ ਰਹਿ ਗਈ ਕਰੰਸੀ ਨਾਲ ਭਾਰਤ ਵਰਗਾ ਵਿਸ਼ਾਲ ਦੇਸ਼ ਕਿਵੇਂ ਚੱਲੇਗਾ? ਮੋਦੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਦਾ ਖਿਆਲ ਸੀ ਕਿ ਬੱਸ ਲੋਕਾਂ ਨੂੰ ਕੁਝ ਕੁ ਤਕਲੀਫ਼ ਹੋਵੇਗੀ ਅਤੇ ਉਸ ਤੋਂ ਪਿਛੋਂ ਜੀਵਨ ਆਮ ਵਾਂਗ ਹੋ ਜਾਵੇਗਾ।

ਹਾਲਤ ਇਹ ਹੈ ਕਿ ਹਰ ਬੈਂਕ ਅਤੇ ਏ.ਟੀ.ਐਮ. ਅੱਗੇ ਲੰਬੀਆਂ ਲਾਈਨਾਂ ਪਹਿਲੇ ਦਿਨ ਹੀ ਲੱਗਣੀਆਂ ਸ਼ੁਰੂ ਹੋ ਗਈਆਂ ਜੋ ਅੱਜ ਤੱਕ ਲੱਗ ਰਹੀਆਂ ਹਨ। ਹਾਲਾਤ ਕਦੋਂ ਸੁਧਰਨਗੇ ਕੁਝ ਪਤਾ ਨਹੀਂ ਪਰ ਇਕ ਗੱਲ ਸਾਫ਼ ਸਪੱਸ਼ਟ ਹੈ ਕਿ ਮੋਦੀ ਨੇ ਇਸ ਜਲਦਬਾਜ਼ੀ ਵਿਚ ਬਿਨਾਂ ਕਿਸੇ ਹੋਰ ਨਾਲ ਸਲਾਹ-ਮਸ਼ਵਰਾ ਕਰਕੇ ਚੁੱਕੇ ਗਏ ਕਦਮ ਨੇ ਦੇਸ਼ ਨੂੰ ਪਿੱਛੇ ਸੁੱਟ ਦਿੱਤਾ ਹੈ। ਹਾਲਾਂਕਿ ਆਪਣਾ ਅਹੁਦਾ ਸੰਭਾਲਣ ਪਿੱਛੋਂ ਮੋਦੀ ਇਸ ਦੇਸ਼ ਨੂੰ ਦੁਨੀਆਂ ਦੇ ਚੋਟੀ ਦੇ ਦੇਸ਼ਾਂ ਵਿਚੋਂ ਸਿਖਰਲਾ ਬਣਾਉਣ ਦਾ ਸੁਪਨਾ ਪਾਈ ਬੈਠੇ ਹਨ। ਮੋਦੀ ਦੇ ਇਸ ਫਰਮਾਨ ਨੇ ਦੇਸ਼ ਹੀ ਬੈਂਕਾਂ ਅਤੇ ਏ.ਟੀ.ਐਮ. ਅੱਗੇ ਲਿਆ ਖੜ੍ਹਾ ਕੀਤਾ ਹੈ।




**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**


ਸੁਪਨੇ ਲੈਣੇ ਚੰਗੀ ਗੱਲ ਹੈ ਪਰ ਕੌੜਾ ਸੱਚ ਇਹ ਵੀ ਹੈ ਕਿ ਇਨ੍ਹਾਂ ਸੁਪਨਿਆਂ ਨੂੰ ਹਕੀਕੀ ਰੂਪ ਦੇਣ ਲਈ ਅਜਿਹੇ ਫੈਸਲੇ ਲੈਣ ਦੀ ਲੋੜ ਹੁੰਦੀ ਹੈ। ਮੋਦੀ ਨੇ ਆਪਣੇ ਸੁਪਨੇ ਨੂੰ ਯਥਾਰਥ ਵਿਚ ਬਦਲਣ ਲਈ ਜਿਸ ਤਰ੍ਹਾਂ ਦਾ ਰਾਹ ਚੁਣਿਆ ਇਸ ਨੇ ਸਿਰਫ਼ ਕੁਝ ਕੁ ਫੀਸਦੀ ਧਨਾਢ ਲੋਕਾਂ ਨੂੰ ਛੱਡ ਕੇ ਬਾਕੀ ਨੂੰ ਤੰਗਦਸਤੀ ਅਤੇ ਸੰਕਟ ਦੇ ਰਾਹ ਸੁੱਟ ਦਿੱਤਾ ਹੈ। ਕਾਲੇ ਧੰਨ ਦੀ ਪ੍ਰਾਪਤੀ ਲਈ ਚੁੱਕੇ ਗਏ ਇਸ ਕਦਮ ਨਾਲ ਪਤਾ ਨਹੀਂ ਕਿੰਨਾ ਕੁ ਕਾਲਾ ਧੰਨ ਬਾਹਰ ਆਵੇਗਾ ਪਰ ਇਸ ਨੇ 85ਫੀਸਦੀ ਲੋਕਾਂ ਦਾ ਜੀਵਨ ਅਤੇ ਕਾਰੋਬਾਰ ਠੱਪ ਕਰ ਦਿੱਤੇ ਹਨ। ਮੰਨਿਆ ਤਾਂ ਜਾਂਦਾ ਹੈ ਕਿ ਦੇਸ਼ ਨੂੰ ਸਿਆਸਤਦਾਨ ਚਲਾਉਂਦੇ ਹਨ ਪਰ ਸਹੀ ਅਰਥਾਂ ਵਿਚ ਸਨਅਤੀ ਘਰਾਣੇ ਇਨ੍ਹਾਂ ਨੂੰ ਚਲਾਉਂਦੇ ਹਨ। ਇਨ੍ਹਾਂ ਸਭ ਲੋਕਾਂ ਨੂੰ ਤਾਂ ਨੋਟਬੰਦੀ ਨਾਲ ਤੱਤੀ ਵਾਅ ਤੱਕ ਵੀ ਨਹੀਂ ਲੱਗੀ ਪਰ ਝੰਬੇ ਗਏ ਅਤੇ ਝੰਬੇ ਜਾ ਰਹੇ ਹਨ ਵਿਚਾਰੇ ਇਹ 85ਫੀਸਦੀ ਲੋਕ। ਕੀ ਇਹ ਦੇਸ਼ ਦਾ ਭਲਾ ਹੈ ਜਾਂ ਫਿਰ ਵੱਡੇ ਲੋਕਾਂ ਦਾ?

ਲੋਕਾਂ ਨੂੰ 500 ਅਤੇ 1000 ਰੁਪਏ ਦੇ ਨੋਟ ਬੈਂਕਾਂ ਵਿਚ ਜਾ ਕੇ ਤਬਾਦਲੇ ਲਈ ਕਿਹਾ ਗਿਆ। ਇਸ ਨਾਲ ਸਾਫ਼ ਹੈ ਕਿ ਬੈਂਕ ਮੁਲਾਜ਼ਮਾਂ ਦੀ ਸਿਰਦਰਦੀ ਵਧੀ ਕਿਉਂਕਿ ਪਹਿਲਾਂ ਨੋਟ ਲੈਣ ਅਤੇ ਫਿਰ ਇਸ ਦੇ ਇਵਜ਼ ਵਿਚ ਦੇਣ ਵਿਚ ਅਤੇ ਉਹ ਵੀ ਕੁਝ ਸ਼ਰਤਾਂ ਸਮੇਤ ਦੇਣ ਵਿਚ ਲੋੜੋ ਵੱਧ ਸਮਾਂ ਲੱਗਣ ਲੱਗਾ। ਨੋਟ 30 ਦਸੰਬਰ ਤੱਕ ਕਦੀ ਵੀ ਜਮ੍ਹਾਂ ਕਰਾਉਣ ਲਈ ਕਿਹਾ ਗਿਆ। ਇਹੀਓਂ ਕਾਲੇ ਧੰਨ ਨੂੰ ਸਗੋਂ ਅੱਗੇ ਤੋਰਨ ਦਾ ਰਾਹ ਹੈ ਜੋ ਗਲਤ ਹੈ।


ਪਹਿਲਾਂ 14, ਫਿਰ 18 ਅਤੇ ਫਿਰ 24 ਨਵੰਬਰ ਤੱਕ ਵੱਡੇ ਨੋਟਾਂ ਦਾ ਪਰਚਲਣ ਚੱਲਦਾ ਰਿਹਾ। ਕੀ ਇਹ ਸਭ ਕਾਲੇ ਧੰਨ ਨੂੰ ਬਾਹਰ ਕੱਢਣ ਦਾ ਰਾਹ ਨਹੀਂ? ਜੇ ਫੈਸਲਾ ਲੈਣਾ ਹੀ ਹੈ ਤਾਂ ਫਿਰ ਕਰੜੇ ਮਨ ਨਾਲ ਲਿਆ ਜਾਵੇ ਨਾ ਕਿ ਕੁਝ ਇਕ ਨੂੰ ਲਾਹਾ ਦੇਣ ਦੇ ਮੰਤਵ ਨਾਲ ਜਿਵੇਂ ਕਿ ਐਸੇ ਦੋਸ਼ ਲੱਗ ਵੀ ਰਹੇ ਹਨ। ਵੱਡੇ ਨੋਟ ਤਾਂ ਬੰਦ ਕਰ ਦਿੱਤੇ ਪਰ ਛੋਟੇ ਨੋਟਾਂ ਦੀ ਬੈਂਕਾਂ ਵਿਚ ਲੋੜੀਂਦੀ ਸਪਲਾਈ ਨਹੀਂ ਕੀਤੀ। ਨਾਲ ਹੀ 500 ਤੇ 1000 ਦਾ ਨੋਟ ਬੰਦ ਕਰਕੇ 2000 ਦਾ ਨਵਾਂ ਨੋਟ ਛਾਪ ਦਿੱਤਾ। ਕਈ ਦਿਨ ਪਿਛੋਂ ਜਾ ਕੇ 500 ਦਾ ਨਵਾਂ ਨੋਟ ਵੀ ਛਾਪਿਆ ਗਿਆ ਪਰ ਉਹ ਵੀ ਲੋਕਾਂ ਨੂੰ ਠੀਕ ਤਰ੍ਹਾਂ ਨਹੀਂ ਮਿਲ ਰਿਹਾ। ਵੱਡੀ ਗੱਲ ਇਹ ਕਿ 1000 ਦਾ ਬੰਦ ਕਰਕੇ 2000 ਦਾ ਛਾਪਣ ਦਾ ਕੀ ਰਾਹ?

ਜਿਨ੍ਹਾਂ ਲੋਕਾਂ ਦੇ ਪੈਸੇ ਬੈਂਕਾਂ ਵਿਚ ਜਮ੍ਹਾਂ ਹਨ ਉਹ ਵੀ ਉਨ੍ਹਾਂ ਨੂੰ ਲੋੜ ਮੁਤਾਬਕ ਨਹੀਂ ਮਿਲ ਰਹੇ। ਪਹਿਲਾਂ ਤਾਂ ਏ.ਟੀ.ਐਮ. ਤੋਂ ਪੈਸੇ ਲੈਣ ਦੀ ਸਲਾਹ ਦਿੱਤੀ ਪਰ ਨਾਲ ਹੀ ਸ਼ਰਤ ਕਿ ਖਾਸ ਰਕਮ ਤੋਂ ਵੱਧ ਨਹੀਂ। ਇਸੇ ਤਰ੍ਹਾਂ ਬੈਂਕਾਂ ਵਿਚੋਂ ਵੀ ਸ਼ੁਰੂ ਵਿਚ ਲੋਕਾਂ ਨੂੰ 2000 ਵਾਲਾ ਇਕ ਨੋਟ ਦੇ ਕੇ ਸਾਰ ਦਿੱਤਾ ਗਿਆ। ਇਹੀਓਂ ਵਜ੍ਹਾ ਹੈ ਕਿ ਏ.ਟੀ.ਐਮ. ਅਤੇ ਬੈਂਕਾਂ ਵਿਚ ਲਾਈਨਾਂ ਛੋਟੀਆਂ ਨਹੀਂ ਹੋ ਰਹੀਆਂ।

ਮੋਦੀ ਨੇ ਇਕੋ ਝਟਕੇ ਨਾਲ 85ਫੀਸਦੀ ਦੇਸਵਾਸੀਆਂ ਨੂੰ ਬਲਦੀ ਦੇ ਬੁੱਥੇ ਦੇ ਦਿੱਤਾ ਹੈ। ਕੱਲ੍ਹ ਨੂੰ ਇਸ ਨੋਟਬੰਦੀ ਦੇ ਹਾਂ-ਪੱਖੀ ਕੀ ਸਿੱਟੇ ਨਿਕਲਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਹਾਲ ਦੀ ਘੜੀ ਤਾਂ ਲੋਕ ਤਪੇ ਬੈਠੇ ਹਨ।

# ਪੰਜਾਬ, ਪੰਜਾਬੀ ਸੂਬਾ ਤੇ ਪੰਜਾਹਵੀਂ ਵਰ੍ਹੇਗੰਢ

**ਗੁਰਮੀਤ ਸਿੰਘ ਪਲਾਹੀ**
**98158-02070**



ਪੰਜਾਬੀ ਸੂਬਾ ਬਣੇ ਨੂੰ 50 ਵਰ੍ਹੇ ਹੋ ਗਏ ਹਨ। ਸਾਲ 1966 'ਚ ਪੰਜਾਬ ਤੇ ਹਰਿਆਣਾ ਅੱਡੋ-ਅੱਡ ਹੋ ਗਏ ਸਨ। ਭਾਸ਼ਾ 'ਤੇ ਆਧਾਰਤ ਪੰਜਾਬੀ ਸੂਬੇ ਦੀ ਸਥਾਪਨਾ ਹੋ ਗਈ। ਪੰਜਾਬ ਬਣ ਗਿਆ ਪੰਜਾਬੀ ਸੂਬਾ। ਤ੍ਰੈ-ਭਾਸ਼ੀ ਸੂਬੇ ਪੰਜਾਬ ਵਿੱਚ 'ਪੰਜਾਬੀ ਬੋਲੀ' ਰਾਜ ਭਾਸ਼ਾ ਵਜੋਂ ਬਿਰਾਜਮਾਨ ਹੋ ਗਈ। 50 ਵਰ੍ਹਿਆਂ ਬਾਅਦ ਕੀ ਇੰਜ ਜਾਪਦਾ ਹੈ ਕਿ ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ?

ਭਾਸ਼ਾ ਆਧਾਰਤ ਪੰਜਾਬੀ ਸੂਬਾ ਬਣਾਉਣ ਲਈ ਵੱਡੀ ਜੱਦੋ-ਜਹਿਦ ਹੋਈ। ਸੂਬੇ ਦੀਆਂ ਕੁਝ ਰਾਜਨੀਤਕ ਪਾਰਟੀਆਂ, ਧਿਰਾਂ ਦੇ ਆਗੂਆਂ ਨੇ ਪੰਜਾਬੀ ਸੂਬਾ ਬਣਾਉਣ ਦਾ ਵਿਰੋਧ ਕੀਤਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਮੋਰਚੇ ਦੀ ਸਫ਼ਲਤਾ ਉਪਰੰਤ ਬਣੇ ਸੂਬੇ ਨੂੰ ਲੰਗੜਿਆਂ ਕਰ ਕੇ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਕੁਝ ਇਲਾਕੇ ਪੰਜਾਬੋਂ ਬਾਹਰ ਰਹਿਣ ਦਿੱਤੇ ਗਏ। ਭਾਖੜਾ ਤੇ ਪੌਂਗ ਡੈਮ ਆਦਿ ਦੀ ਮੈਨੇਜਮੈਂਟ ਬਣਾ ਕੇ ਕਬਜ਼ਾ ਉਸੇ ਤਰ੍ਹਾਂ ਕੇਂਦਰੀ ਸਰਕਾਰ ਦਾ ਰਹਿਣ ਦਿੱਤਾ ਗਿਆ, ਜਿਵੇਂ 50 ਵਰ੍ਹੇ ਬੀਤਣ ਬਾਅਦ ਵੀ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਹੈ।

ਇਸ ਸਮੇਂ ਸੂਬੇ ਦੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਉੱਤੇ ਮੌਜੂਦਾ ਸਰਕਾਰ ਵੱਲੋਂ ਜਸ਼ਨ ਮਨਾਉਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਕੀ ਇਹ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਸਿਆਸੀ ਲਾਭ ਲੈਣ ਲਈ ਤਾਂ ਨਹੀਂ? ਕੁਝ ਲੋਕਾਂ ਵੱਲੋਂ 50ਵੀਂ ਵਰ੍ਹੇਗੰਢ ਮਨਾਉਣ ਦੇ ਜਸ਼ਨਾਂ ਦਾ ਵਿਰੋਧ ਹੋਣ ਲੱਗਾ ਹੈ। ਕੀ ਇਹ ਵਿਰੋਧ ਖ਼ਾਤਰ ਹੀ ਵਿਰੋਧ ਤਾਂ ਨਹੀਂ? ਇੰਜ, ਸਵਾਲ ਉੱਠਦਾ ਹੈ ਕਿ 50 ਵਰ੍ਹਿਆਂ 'ਚ ਇਸ ਸੂਬੇ 'ਚ ਬਣੀਆਂ ਸਰਕਾਰਾਂ ਨੇ ਐਡੀਆਂ ਕਿਹੜੀਆਂ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਉੱਤੇ ਮਾਣ ਕੀਤਾ ਜਾ ਸਕੇ ਅਤੇ ਜਸ਼ਨ ਮਨਾਏ ਜਾ ਸਕਣ?

ਪੰਜਾਬੀ ਸੂਬੇ 'ਚ ਪੰਜਾਬੀ ਦੀ ਸਥਿਤੀ – ਪੰਜਾਬੀ ਬੋਲੀ ਦਾ ਜਿੰਨਾ ਮੰਦਾ ਹਾਲ ਪੰਜਾਬ ਸੂਬੇ 'ਚ ਹੈ, ਸ਼ਾਇਦ ਹਿੰਦੋਸਤਾਨ ਦੇ ਕਿਸੇ ਵੀ ਰਾਜ ਵਿੱਚ ਉਥੋਂ ਦੀ ਮਾਤ ਭਾਸ਼ਾ ਜਾਂ ਰਾਜ ਭਾਸ਼ਾ ਦਾ ਨਹੀਂ ਹੋਣਾ। ਪੰਜਾਬ ਦੇ ਦਫ਼ਤਰਾਂ ਵਿੱਚ ਪੰਜਾਬੀ ਦੀ ਦੁਰਗਤ ਹੈ। ਸੂਬੇ ਦੀਆਂ ਅਦਾਲਤਾਂ 'ਚ ਪੰਜਾਬੀ ਲਾਗੂ ਨਹੀਂ ਹੋ ਸਕੀ, ਜਦੋਂ ਕਿ ਉੱਚ ਅਦਾਲਤਾਂ ਵੱਲੋਂ ਅਦਾਲਤੀ ਕੰਮ ਮਾਤ ਭਾਸ਼ਾ, ਰਾਜ ਭਾਸ਼ਾ ਵਿੱਚ ਕੀਤੇ ਜਾਣਾ ਤੈਅ ਹੋ ਚੁੱਕਾ ਹੈ। 50 ਵਰ੍ਹਿਆਂ 'ਚ ਸੂਬਾ ਸਰਕਾਰਾਂ ਪੰਜਾਬ ਵਿੱਚ ਰਾਜ ਭਾਸ਼ਾ ਨੂੰ ਕਾਰੋਬਾਰੀ ਭਾਸ਼ਾ ਨਹੀਂ ਬਣਾ ਸਕੀਆਂ। ਪੰਜਾਬ ਦੇ ਪ੍ਰਾਈਵੇਟ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਪੰਜਾਬੀ ਨਾਲ ਮਤਰੇਈ ਮਾਂ ਵਰਗਾ ਸਲੂਕ ਹੋ ਰਿਹਾ ਹੈ। ਪ੍ਰਾਈਵੇਟ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਜੁਰਮਾਨੇ ਹੋ ਰਹੇ ਹਨ ਅਤੇ ਪੰਜਾਬੀ ਪੜ੍ਹਨ-ਲਿਖਣ ਤੋਂ ਉਨ੍ਹਾਂ ਨੂੰ ਦੂਰ ਰੱਖਿਆ ਜਾ ਰਿਹਾ ਹੈ। ਇੰਜ, ਪੰਜਾਬ ਦੇ ਕਾਲਜਾਂ, ਯੂਨੀਵਰਸਿਟੀਆਂ 'ਚ ਐੱਮ ਏ ਪੰਜਾਬੀ 'ਚ ਕੁੱਲ ਮਨਜ਼ੂਰ ਸੀਟਾਂ ਵਿੱਚੋਂ 75 ਫ਼ੀਸਦੀ ਹਰ ਵਰ੍ਹੇ ਖ਼ਾਲੀ ਰਹਿ ਜਾਂਦੀਆਂ ਹਨ, ਕਿਉਂਕਿ ਪੰਜਾਬੀ ਭਾਸ਼ਾ 'ਚ ਨੌਜਵਾਨਾਂ ਦੀ ਰੁਚੀ ਘਟ ਗਈ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣਿਆ ਭਾਸ਼ਾ ਵਿਭਾਗ ਸਰਕਾਰੀ ਬੇਰੁਖ਼ੀ ਦਾ ਸ਼ਿਕਾਰ ਹੋ ਚੁੱਕਾ ਹੈ। ਵਿਭਾਗ ਨੂੰ ਬੱਜਟ ਦੀ ਘਾਟ ਕਾਰਨ ਸੇਵਾ-ਮੁਕਤ ਹੋ ਰਹੇ ਮੁਲਾਜ਼ਮਾਂ ਦੀ ਥਾਂ ਉੱਤੇ ਨਵੇਂ ਮੁਲਾਜ਼ਮ ਨਹੀਂ ਰੱਖੇ ਜਾ ਰਹੇ। ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ 'ਚ ਕੰਮ ਕਰਨ ਵਾਲਿਆਂ ਦੀ ਗਿਣਤੀ ਅੱਧੀ ਰਹਿ ਗਈ ਹੈ। ਜ਼ਿਲ੍ਹਾ ਭਾਸ਼ਾ ਦਫ਼ਤਰਾਂ ਦੀ ਹਾਲਤ ਤਾਂ ਅਸਲੋਂ ਹੀ ਦਰਦਨਾਕ ਸਥਿਤੀ ਤੱਕ ਪੁੱਜ ਚੁੱਕੀ ਹੈ। ਪੰਜਾਬ 'ਚ ਜ਼ਿਲ੍ਹਾ ਪਬਲਿਕ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿੱਚ 96 ਪੋਸਟਾਂ ਲਾਇਬਰੇਰੀਅਨਾਂ ਦੀਆਂ ਹਨ। ਇਨ੍ਹਾਂ ਵਿੱਚੋਂ 73 ਖਾਲ਼ੀ ਹਨ। ਲਾਇਬ੍ਰੇਰੀਆਂ ਦੇ ਰਿਸਟੋਰਰਾਂ ਦੀਆਂ 72 ਆਸਾਮੀਆਂ ਵਿੱਚੋਂ 47 ਖ਼ਾਲੀ ਹਨ। ਸਰਕਾਰੀ ਕਾਲਜਾਂ ਦੀਆਂ ਲਾਇਬ੍ਰੇਰੀਆਂ 'ਚ ਸਿਰਫ਼ 14 ਲਾਇਬ੍ਰੇਰੀਅਨ ਹਨ, ਜਦੋਂ ਕਿ 34 ਲਾਇਬ੍ਰੇਰੀਆਂ ਲਾਇਬ੍ਰੇਰੀਅਨਾਂ ਤੋਂ ਬਿਨਾਂ ਹਨ। ਨਵੇਂ ਖੋਲ੍ਹੇ ਜਾ ਰਹੇ ਕਾਲਜਾਂ ਵਿੱਚ ਲਾਇਬ੍ਰੇਰੀਅਨਾਂ ਦੀਆਂ ਪੋਸਟਾਂ ਹੀ ਨਹੀਂ ਰੱਖੀਆਂ ਗਈਆਂ।

ਸਰਕਾਰੀ ਸਕੂਲਾਂ ਵਿੱਚ ਪੰਜਾਬੀ ਅਧਿਆਪਕਾਂ ਦੀਆਂ ਵਧੇਰੇ ਆਸਾਮੀਆਂ ਖ਼ਾਲੀ ਹਨ ਅਤੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਬਹੁ-ਗਿਣਤੀ ਪੰਜਾਬੀ ਅਧਿਆਪਕ ਸੇਵਾ-ਮੁਕਤ ਹੋ ਚੁੱਕੇ ਹਨ। ਉਨ੍ਹਾਂ ਦੀ ਥਾਂ ਨਵੇਂ ਭਰਤੀ ਹੀ ਨਹੀਂ ਕੀਤੇ ਗਏ। ਸਰਕਾਰੀ ਕਾਲਜਾਂ 'ਚ ਠੇਕੇ 'ਤੇ ਕੁਝ ਮਹੀਨਿਆਂ ਲਈ ਨਿਗੂਣੀ ਜਿਹੀ ਤਨਖ਼ਾਹ ਉੱਪਰ ਬਾਕੀ ਲੈਕਚਰਾਰਾਂ ਵਾਂਗ ਪੰਜਾਬੀ ਦੇ ਲੈਕਚਰਾਰ ਭਰਤੀ ਕੀਤੇ ਜਾਂਦੇ ਹਨ। ਨਿੱਜੀ ਪ੍ਰਾਈਵੇਟ ਸਕੂਲਾਂ 'ਚ ਤਾਂ ਪੰਜਾਬੀ ਭਾਸ਼ਾ ਲਈ ਜਾਂ ਤਾਂ ਚੰਗੇ ਟੀਚਰ ਭਰਤੀ ਹੀ ਨਹੀਂ ਕੀਤੇ ਜਾਂਦੇ ਜਾਂ ਫਿਰ ਉਨ੍ਹਾਂ ਨੂੰ ਬਾਕੀ ਟੀਚਰਾਂ ਦੇ ਮੁਕਾਬਲੇ ਘੱਟ ਤਨਖ਼ਾਹ ਮਿਲਦੀ ਹੈ। ਇੰਜ, ਪੰਜਾਬ ਦੇ ਸਕੂਲਾਂ, ਕਾਲਜਾਂ, ਦਫ਼ਤਰਾਂ, ਕਚਹਿਰੀਆਂ, ਕਾਰੋਬਾਰੀ ਅਦਾਰਿਆਂ, ਕਾਰਪੋਰੇਸ਼ਨਾਂ, ਬੋਰਡਾਂ 'ਚ ਪੰਜਾਬੀ ਨੂੰ ਦੁਰਕਾਰਿਆ ਜਾ ਰਿਹਾ ਹੈ।

ਪੰਜਾਬ 'ਚ ਨਿੱਤ ਖੁੱਲ੍ਹ ਰਹੀਆਂ ਕਾਰੋਬਾਰੀ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਵਿੱਚ ਤਾਂ ਪੰਜਾਬੀ ਬੋਲੀ ਨੂੰ ਖੰਘਣ ਵੀ ਨਹੀਂ ਦਿੱਤਾ ਜਾ ਰਿਹਾ। ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਜਾਂ ਪੰਜਾਬ ਦੇ ਕਾਲਜਾਂ ਵਿੱਚ ਜਾਂ ਪ੍ਰੋਫੈਸ਼ਨਲ ਕਾਲਜਾਂ ਵਿੱਚ ਇੰਜੀਨੀਅਰਿੰਗ, ਡਾਕਟਰੀ, ਸਾਇੰਸ ਦੀ ਪੰਜਾਬੀ ਮਾਧਿਅਮ 'ਚ ਪੜ੍ਹਾਈ ਕਰਾਉਣ ਲਈ ਪੰਜਾਹ ਵਰ੍ਹਿਆਂ 'ਚ ਗੋਹੜੇ ਵਿੱਚੋਂ ਪੂਣੀ ਤੱਕ ਨਹੀਂ ਕੱਤੀ ਗਈ। ਪੰਜਾਬ ਟੈੱਕਸਟ ਬੁੱਕ ਬੋਰਡ ਦਾ ਕੰਮ ਲੱਗਭੱਗ ਬੰਦ ਹੈ। ਪੰਜਾਬ ਆਰਟਸ ਕੌਂਸਲ ਆਦਿ ਵਰਗੇ ਅਦਾਰਿਆਂ, ਜੋ

ਪੰਜਾਬੀ ਬੋਲੀ, ਕਲਾ, ਸਾਹਿਤ ਦੀ ਪ੍ਰਫੁੱਲਤਾ ਨਾਲ ਸੰਬੰਧਤ ਹਨ, ਉੱਤੇ ਸਿਆਸੀ ਲੋਕਾਂ ਜਾਂ ਗ਼ੈਰ-ਸਾਹਿਤਕ ਲੋਕਾਂ ਨੂੰ ਬਿਠਾਇਆ ਜਾ ਰਿਹਾ ਹੈ। ਪੰਜਾਬੀ ਦੀ ਇਹੋ ਜਿਹੀ ਤਰਸ ਯੋਗ ਹਾਲਤ ਦੇ ਚੱਲਦਿਆਂ ਜੇਕਰ ਪੰਜਾਬੀ ਦੇ ਲੇਖਕਾਂ, ਲੇਖਕ ਜਥੇਬੰਦੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਸਖ਼ਤੀ ਨਾਲ ਦਫ਼ਤਰਾਂ, ਸਕੂਲਾਂ 'ਚ ਲਾਗੂ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦੀ ਆਵਾਜ਼ ਸੁਣਨ ਦੀ ਸਰਕਾਰ ਕੋਲ ਵਿਹਲ ਹੀ ਨਹੀਂ।

ਪੰਜਾਬੀ ਸੂਬੇ ਦੀਆਂ ਪ੍ਰਾਪਤੀਆਂ - ਪੰਜਾਬ ਦੀ ਆਬਾਦੀ ਹੁਣ ਲੱਗਭੱਗ ਪੌਣੇ ਤਿੰਨ ਕਰੋੜ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਸਮੇਂ-ਸਮੇਂ ਸਰਕਾਰਾਂ ਵੱਲੋਂ ਖੇਤੀ ਉਤਪਾਦਨ ਵਧਾਉਣ ਦੇ ਨਾਮ ਉੱਤੇ ਰਿਵਾਇਤੀ ਫ਼ਸਲੀ ਚੱਕਰ ਛੱਡ ਕੇ ਦੇਸ਼ ਦੀਆਂ ਲੋੜਾਂ ਦੀ ਪੂਰਤੀ ਲਈ ਝੋਨੇ ਤੇ ਕਣਕ ਦੀ ਪੈਦਾਵਾਰ ਇਸ ਕਦਰ ਵਧਾਉਣ ਉੱਤੇ ਜ਼ੋਰ ਲਗਵਾ ਦਿੱਤਾ ਗਿਆ ਕਿ ਪੰਜਾਬ ਦੀ ਧਰਤੀ ਹੇਠਲਾ ਪਾਣੀ ਚਿੰਤਾ ਜਨਕ ਹਾਲਤ ਵਿੱਚ ਪੁੱਜ ਚੁੱਕਾ ਹੈ। ਫ਼ਸਲਾਂ ਦੇ ਝਾੜ 'ਚ ਵਾਧੇ ਦੀ ਦੌੜ 'ਚ ਕੀਟ ਨਾਸ਼ਕ ਦਵਾਈਆਂ ਤੇ ਖ਼ਾਦਾਂ ਦੀ ਵਰਤੋਂ ਨੇ ਪੰਜਾਬ ਦੀ ਧਰਤੀ ਜ਼ਹਿਰੀਲੀ ਬਣਾ ਦਿੱਤੀ ਹੈ। ਖੇਤੀ ਉਦਯੋਗ, ਜਿਸ ਦੀ ਸੂਬੇ 'ਚ ਜ਼ਰੂਰਤ ਸੀ, ਨਾਂਹ ਦੇ ਬਰਾਬਰ ਹੈ। ਪੰਜਾਬ ਵਰਗਾ ਖੁਸ਼ਹਾਲ ਸੂਬਾ ਪਿਛਲੇ ਪੰਜਾਹ ਸਾਲਾਂ ਦੇ ਮੁਕਾਬਲੇ ਆਰਥਿਕ ਪੱਖੋਂ ਖੋਖਲਾ ਹੋਇਆ ਹੈ। ਨਿੱਜੀ ਔਸਤ ਆਮਦਨ ਦੇ ਮਾਮਲੇ ਵਿੱਚ ਦੇਸ਼ 'ਚ ਵਧੇਰੇ ਆਮਦਨ ਦਾ ਸਰਕਾਰਾਂ ਭਾਵੇਂ ਢੰਡੋਰਾ ਪਿੱਟਣ, ਪਰ ਸੂਬੇ ਦੇ ਆਮ ਨਾਗਰਿਕ ਦੀ ਪਹੁੰਚ ਸਿਹਤ, ਸਿੱਖਿਆ ਸਹੂਲਤਾਂ ਦੀ ਪ੍ਰਾਪਤੀ 'ਚ ਪਹਿਲਾਂ ਨਾਲੋਂ ਔਖੀ ਹੋਈ ਹੈ। ਪੰਜਾਬ ਦੇ ਬਾਸ਼ਿੰਦਿਆਂ ਦੇ ਜੀਵਨ ਪੱਧਰ 'ਚ ਕੋਈ ਵਰਨਣ ਯੋਗ ਵਾਧਾ ਨਹੀਂ ਹੋਇਆ, ਜਿਸ ਦੀ ਤਵੱਕੋ ਘੱਟ ਆਬਾਦੀ ਵਾਲੇ ਛੋਟੇ ਸੂਬੇ ਦੇ ਵਿਕਾਸ 'ਚ ਪੁਲਾਂਘਾਂ ਪੁੱਟਣ ਬਾਰੇ ਕੀਤੀ ਜਾਂਦੀ ਸੀ। ਗ਼ਰੀਬ ਹੋਰ ਗ਼ਰੀਬ ਹੋਇਆ ਹੈ ਅਤੇ ਉਸ ਦੀਆਂ ਨਿੱਤ-ਪ੍ਰਤੀ ਦੀਆਂ ਲੋੜਾਂ ਦੀ ਅਪੂਰਤੀ ਉਸ ਨੂੰ ਆਪਣੀ ਜੀਵਨ ਲੀਲਾ ਦੇ ਖ਼ਾਤਮੇ ਵੱਲ ਤੋਰ ਰਹੀ ਹੈ।

ਕੀ ਇਹੋ ਜਿਹੀ ਸਥਿਤੀ 'ਚ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਧੂਮ-ਧੜੱਕਿਆਂ ਨਾਲ ਮਨਾਈ ਜਾਣੀ ਬਣਦੀ ਹੈ? ਬੇਸ਼ੱਕ ਨਿੱਤ ਇਸ਼ਤਿਹਾਰਾਂ ਰਾਹੀਂ ਪਿੰਡਾਂ-ਸ਼ਹਿਰਾਂ ਦੀ ਤਰੱਕੀ ਦੇ ਸਰਕਾਰਾਂ ਕਸੀਦੇ ਕੱਢਣ, ਬੁਨਿਆਦੀ ਢਾਂਚੇ ਦੇ ਵਿਕਾਸ ਦੇ ਦਮਗਜੇ ਮਾਰਨ, ਪਰ ਪਿੰਡਾਂ ਦੇ ਸਕੂਲਾਂ, ਹਸਪਤਾਲਾਂ, ਸੜਕਾਂ ਦੀ ਮੰਦੀ ਹਾਲਤ ਨੂੰ ਲੁਕਾਇਆ ਨਹੀਂ ਜਾ ਸਕਦਾ। ਡਿਜੀਟਲ ਪੰਜਾਬ, ਨਵੀਂਆਂ ਕੰਪਿਊਟੀਕਰਨ ਸੁਵਿਧਾਵਾਂ ਬਾਰੇ ਲੋਕਾਂ ਨੂੰ ਸਰਕਾਰਾਂ ਵੱਲੋਂ ਲੱਖ ਭੁਲੇਖੇ ਪਾਏ ਜਾਣ, ਪਰ ਸਰਕਾਰੀ ਪੱਧਰ 'ਤੇ ਦਫ਼ਤਰਾਂ 'ਚ ਫੈਲੇ ਭ੍ਰਿਸ਼ਟਾਚਾਰ, ਪਿੰਡਾਂ-ਸ਼ਹਿਰਾਂ 'ਚ ਨਸ਼ਿਆਂ ਦੇ ਪਾਸਾਰ, ਮਿਲਾਵਟਖੋਰੀ, ਭਾਈ-ਭਤੀਜਾਵਾਦ, ਧੱਕੜਸ਼ਾਹੀ ਜਿਹੀਆਂ ਅਲਾਮਤਾਂ ਨੇ ਪੰਜਾਬੀਆਂ ਨੂੰ ਜਿਵੇਂ ਪਿੰਜ ਸੁੱਟਿਆ ਹੈ। ਕੀ ਇਸ ਦਾ ਸਰਕਾਰਾਂ ਕੋਲ ਕੋਈ ਜਵਾਬ ਹੈ?

ਪੰਜਾਬ ਦੇ ਲੋਕ ਇਨ੍ਹਾਂ ਵਰ੍ਹਿਆਂ ਵਿੱਚ ਨਿਤਾਣੇ-ਨਿਮਾਣੇ ਹੋਏ ਮਹਿਸੂਸ ਕਰਦੇ ਹਨ ਅਤੇ ਨੇਤਾ ਲੋਕ ਵਧੇਰੇ ਤਾਕਤਵਰ ਅਤੇ ਬਾਹੂਬਲੀ ਹੋਏ ਹਨ, ਜਿਹੜੇ ਲੋਕ ਦਰਦ ਨਹੀਂ, ਆਪਣੀ ਕੁਰਸੀ ਪ੍ਰਾਪਤੀ ਨੂੰ ਤਰਜੀਹ ਦੇਂਦੇ ਹਨ। ਇਹੋ ਜਿਹੇ ਹਾਲਾਤ 'ਚ ਕਿਸ ਪ੍ਰਾਪਤੀ ਉੱਤੇ ਮਾਣ ਕਰੇ ਪੰਜਾਬੀ ਸੂਬਾ? ਕਿਸ ਪ੍ਰਾਪਤੀ ਦੀ ਗੱਲ ਕਰਨ ਪੰਜਾਬੀ ਤੇ ਉਹ ਪੰਜਾਬੀ ਵੀ, ਜਿਨ੍ਹਾਂ ਨੂੰ ਰੋਟੀ ਦੀ ਖ਼ਾਤਰ ਪੰਜਾਬ ਤੋਂ ਵਿਦੇਸ਼ਾਂ ਅਤੇ ਦੂਜੇ ਸੂਬਿਆਂ ਨੂੰ ਭੱਜਣਾ ਪਿਆ, ਖ਼ਾਸ ਤੌਰ 'ਤੇ ਪਿਛਲੇ ਪੰਜਾਹਾਂ ਵਰ੍ਹਿਆਂ 'ਚ? ਉਹ ਪੰਜਾਬ ਨਾਲ ਹਿਰਖ ਨਾ ਕਰਨ ਤਾਂ ਕੀ ਕਰਨ?

ਬਿਨਾਂ ਸ਼ੱਕ ਵਰ੍ਹੇਗੰਢਾਂ ਮਨਾਈਆਂ ਜਾਣੀਆਂ ਚਾਹੀਦੀਆਂ ਹਨ, ਪ੍ਰਾਪਤੀਆਂ ਦੇ ਗੁਣ ਗਾਉਣ ਵਿੱਚ ਵੀ ਕੋਈ ਹਰਜ ਨਹੀਂ, ਪਰ ਜਾਣ ਬੁੱਝ ਕੇ ਗੁਆਈਆਂ ਜਾਣ ਵਾਲੀਆਂ ਚੀਜ਼ਾਂ ਦੇ ਜ਼ਿੰਮੇਵਾਰ ਵੀ ਤਾਂ ਉਨ੍ਹਾਂ ਲੋਕਾਂ ਨੂੰ ਠਹਿਰਾਉਣ ਦੀ ਲੋੜ ਹੈ, ਜਿਨ੍ਹਾਂ ਨੇ ਆਪਣੇ ਸਵਾਰਥਾਂ ਦੀ ਖ਼ਾਤਰ ਇਸ ਖਿੱਤੇ ਦਾ ਸਮੇਂ-ਸਮੇਂ ਅਮਨ ਭੰਗ ਕੀਤਾ, ਨੁਕਸਾਨ ਕੀਤਾ; ਜਾਨੀ ਵੀ ਤੇ ਮਾਲੀ ਵੀ; ਪੰਜਾਬੀਆਂ ਨੂੰ ਬਲਦੀ ਦੇ ਬੁਥੇ 'ਚ ਝੋਕਿਆ; ਜਿਨ੍ਹਾਂ ਨੇ ਲੋਕ ਤਰਜੀਹਾਂ ਛੱਡ ਕੇ ਸਿਰਫ਼ ਆਪਣੇ ਹਿੱਤ ਹੀ ਪਾਲੇ!


# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340,**

**E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਜਿਊਣ ਦਾ ਸਵਾਂਗ ਰਚ ਰਿਹਾ ਅਜੋਕਾ ਮਨੁੱਖ

ਡਾ. ਕਮਲੇਸ਼ ਉੱਪਲ



ਅਸੀਂ ਸਾਰੇ ਪੁਰਾਣੀ ਪੀੜ੍ਹੀ ਵਾਲੇ ਸ਼ੁਰੂ ਤੋਂ ਹੀ ਸੁਣਦੇ ਹਾਂ ਕਿ ਮਨੁੱਖੀ ਜੀਵਨ ਵਿਚ ਨੈਤਿਕਤਾ ਦੀ ਬੜੀ ਉੱਚੀ ਥਾਂ ਹੈ। ਸਾਡੀ ਸ਼ਬਦਾਵਲੀ ਵਿਚ ਖਰਾ-ਖੋਟਾ, ਸੱਚਾ-ਝੂਠਾ ਅਤੇ ਚੰਗਾ-ਮਾੜਾ ਆਦਿ ਲਕਬ ਇਸ ਨੈਤਿਕਤਾ ਦੀ ਸੂਝ ਤੋਂ ਹੀ ਹੋਂਦ ਵਿਚ ਆਏ। ਮੁੱਢ ਤੋਂ ਹੀ ਮਨੁੱਖ ਦੀ ਕਰਨੀ ਨਾਲ ਠੀਕ-ਗਲਤ ਦਾ ਸੰਕਲਪ ਜੁੜਿਆ ਹੈ। ਇਹ ਠੀਕ ਜਾਂ ਗਲਤ ਦਾ ਸੰਕਲਪ ਨਿੱਜੀ ਵੀ ਹੈ ਅਤੇ ਸੰਸਥਾਵੀ ਵੀ। ਵਿਅਕਤੀ ਦੇ ਨਿੱਜੀ ਤੌਰ ’ਤੇ ਠੀਕ ਜਾਂ ਗਲਤ ਹੋਣ ਨਾਲ ਸੰਸਥਾਵਾਂ ਅਤੇ ਰਾਜ ਪ੍ਰਬੰਧ ਦੇ ਠੀਕ ਜਾਂ ਗਲਤ ਹੋਣ ਦਾ ਗੂਹੜਾ ਸੰਬੰਧ ਹੈ। ਜਿਹੋ ਜਿਹਾ ਪ੍ਰਬੰਧ ਸਾਨੂੰ ਰਾਜ ਜਾਂ ਹਕੂਮਤ ਵੱਲੋਂ ਮਿਲਦਾ ਹੈ, ਉਹੋ ਜਿਹੀ ਨੈਤਿਕਤਾ ਰਾਜ ਦੇ ਸ਼ਹਿਰੀਆਂ ਦੀ ਜ਼ਿੰਦਗੀ ਵਿਚ ਪ੍ਰਤੀਬਿੰਬਤ ਹੋ ਰਹੀ ਹੁੰਦੀ ਹੈ। ਸਾਡੇ ਅੱਜ ਦੇ ਸਮਾਜ ਦਾ ਹਾਲ ਇਹੋ ਜਿਹਾ ਹੀ ਹੈ। ਭ੍ਰਿਸ਼ਟਾਚਾਰ ਇਸ ਲਈ ਚੌਹੀਂ ਪਾਸੀਂ ਫੈਲਿਆ ਹੈ ਕਿਉਂਕਿ ਵਿਅਕਤੀ ਅਤੇ ਸੰਸਥਾਵਾਂ ਸਭ ਇਸ ਦੀ ਲਪੇਟ ਵਿਚ ਆ ਚੁੱਕੇ ਹਨ। ਸਮਾਜ ਦੇ ਉੱਚੇ ਤਬਕਿਆਂ ਵਿਚ ਇਕ ਹੋਰ ਰੁਝਾਨ ਜੋ ਨੈਤਿਕਤਾ ਨੂੰ ਖੋਰਾ ਲੈ ਰਿਹਾ ਹੈ, ਉਹ ਹੈ ਦੌਲਤ ਦੀ ਬੇਸ਼ੁਮਾਰ ਵਰਤੋਂ ਅਤੇ ਉਸ ਦਾ ਵਿਖਾਵਾ। ਖੁਲ੍ਹੇ ਅਰਥਚਾਰੇ ਨੇ ਅਮੀਰਾਂ ਨੂੰ ਹੋਰ ਅਮੀਰ ਬਣਾ ਦਿੱਤਾ ਹੈ। ਵਿਆਹਾਂ ਦੀ ਮੈਰਿਜ ਪੈਲੇਸ ਕਲਚਰ ਹੁਣ ਹੱਦਾਂ ਬੰਨੇ ਟੱਪ ਗਈ ਹੈ। ਪਹਿਲਾਂ ਵਿਆਹ ਦੀ ਸੰਸਥਾ ਦੀ ਮਹੱਤਤਾ ਅਤੇ ਪਵਿੱਤਰਤਾ ਹੋਰ ਤਰ੍ਹਾਂ ਦੀ ਸੀ। ਦੋ ਵਿਅਕਤੀਆਂ ਦੇ ਮੇਲ ਦੇ ਨਾਲ-ਨਾਲ ਵਿਆਹ ਦੋ ਪਰਿਵਾਰਾਂ, ਭਾਈਚਾਰਿਆਂ ਅਤੇ ਸਕੀਰੀਆਂ ਦੇ ਮੇਲ ਦਾ ਆਧਾਰ ਬਣਦਾ ਸੀ। ਸਾਡੇ ਲੋਕ ਗੀਤਾਂ ਵਿਚ ਵਿਆਹ ਨਾਲ ਸਬੰਧਿਤ ਵਲਵਲਿਆਂ ਅਤੇ ਵਰਤਾਰਿਆਂ ਦੀ ਭਰਮਾਰ ਹੈ। ਘੋੜੀਆਂ, ਸੁਹਾਗ, ਸਿੱਠਣੀਆਂ, ਵਿਦਾਈ ਗੀਤ, ਸਿਹਰੇ, ਸਿਖਿਆ, ਛੰਦ ਆਦਿ ਗੀਤ-ਵੰਨਗੀਆਂ ਮਨੁੱਖੀ ਵਲਵਲਿਆਂ ਦੀ ਨੀਂਹ ਉੱਤੇ ਉਸਾਰੀਆਂ ਹੋਈਆਂ ਸੁਰੀਲੀਆਂ ਸ਼ਬਦ ਬਣਤਰਾਂ ਹਨ, ਜਿਨ੍ਹਾਂ ਵਿਚ ਗਾਇਕੀ ਦੁਆਰਾ ਜ਼ਿੰਦਗੀ ’ਚ ਰਸ ਭਰਨ ਲਈ ਸੱਚੀਆਂ ਸੁੱਚੀਆਂ ਭਾਵਨਾਵਾਂ ਪ੍ਰਗਟਾਈਆਂ ਜਾਂਦੀਆਂ ਹਨ। ਇਹ ਸੰਗੀਤਮਈ ਰਸਮਾਂ ਆਪਣੀ ਸਾਦਗੀ ਅਤੇ ਪਵਿੱਤਰਤਾ ਸਹਿਤ ਪੇਂਡੂ ਸਮਾਜ ਅਤੇ ਭਾਈਚਾਰੇ ਦੀ ਜੀਵਨ-ਜਾਚ ਵਿਚ ਅਜੇ ਵੀ ਆਪਣੀ ਭੂਮਿਕਾ ਰੱਖਦੀਆਂ ਹਨ। ਪਰ ਬਹੁਤੇ ਪੜ੍ਹੇ-ਲਿਖੇ ਅਤੇ ਸ਼ਹਿਰੀ ਤਬਕੇ ਵਿਚੋਂ ਇਹ ਹੌਲੀ-ਹੌਲੀ ਮਨਫ਼ੀ ਹੋ ਗਈਆਂ ਹਨ। ਇਹਨਾਂ ਦੀ ਥਾਂ ਸਿਰ ਖਾਂਦੇ ਡੀ.ਜੇ. ਨੇ ਲੈ ਲਈ ਹੈ ਜਾਂ ਫਿਰ ਕੁਝ ਇਕ ਅਖੌਤੀ ਅਤੇ ਇਲੈਕਟ੍ਰਾਨਿਕ ਮੀਡੀਆ ਦੀ ਪਾਪੂਲਰ ਗਾਇਕੀ ਦੀ ਤਰਜ਼ ’ਤੇ ਬਣੀਆਂ ਸਭਿਆਚਾਰਕ ਜਥੇਬੰਦੀਆਂ ਡੀ.ਜੇ. ਦੀ ਥਾਪ ਨਾਲ ਇਕ ਵੱਖਰੀ ਕਿਸਮ ਦਾ ਖੌਰੂ ਪਾਉਂਦੀਆਂ ਰਹਿੰਦੀਆਂ ਹਨ। ਇਸ ਸਭਿਆਚਾਰਕ ਸਰਕਸ ਦਾ ਰਿੰਗ ਮਾਸਟਰ ਹੱਥ ਵਿਚ ਮਾਈਕ ਫੜ ਕੇ ਮੁੱਕ ਰਹੀਆਂ ਸਭਿਆਚਾਰਕ ਕਦਰਾਂ ਕੀਮਤਾਂ ਦੀ ਦੁਹਾਈ ਵੀ ਪਾਉਂਦਾ ਰਹਿੰਦਾ ਹੈ ਤੇ ਨਾਲ ਹੀ ‘ਮਿਸ ਕਾਲਜ’, ‘ਮਿਸ ਬਿੰਦੀਆ’ ਆਦਿ ਨਾਵਾਂ ਵਾਲੀਆਂ ਨੂੰ ਵਾਜਾਂ ਮਾਰ-ਮਾਰ ਕੇ ਸਟੇਜ਼ ’ਤੇ ਨੱਚਣ ਲਈ ਬੁਲਾਉਂਦਾ ਰਹਿੰਦਾ ਹੈ। ਵਿਆਹ ਨਾਲ ਸਬੰਧਿਤ ਰਸਮਾਂ ਦੀ ਥਾਂ ਕਈ ਤਰ੍ਹਾਂ ਦੇ ਅਵੱਲੇ ਅਤੇ ਸਨਕੀ ਵਰਤਾਰਿਆਂ ਨੇ ਲੈ ਲਈ ਹੈ। ਘਰ ਛੱਡ ਕੇ ਕਿਰਾਏ ’ਤੇ ਲਏ ਪੈਲੇਸ ਵਿਚ ਵਿਆਹ ਕਰਾਉਣਾ ਹੁਣ ਉੱਚ ਤਬਕੇ ਦੇ ਲੋਕਾਂ ਲਈ ਪੁਰਾਣਾ ਫੈਸ਼ਨ ਹੋ ਗਿਆ ਹੈ। ਹੁਣ ਤਾਂ ਫ਼ਾਰਮ ਹਾਊਸਾਂ, ਹਵਾਈ ਜਹਾਜ਼ਾਂ ਵਿਚ ਜਾਂ ਹੋਰ ਅਜੀਬੋ ਗਰੀਬ ਥਾਵਾਂ ਤੇ ਵਿਆਹ ਹੁੰਦੇ ਹਨ।

ਅਜੋਕੇ ਬੰਦੇ ਦੀਆਂ ਖਪਤਵਾਦੀ ਪਰਵਿਰਤੀਆਂ ਅਤੇ ਇਸ਼ਤਿਹਾਰਬਾਜ਼ੀ ਨੇ ਉਸ ਨੂੰ ਅਜਿਹੀ ਬਨਾਉਟੀ ਦੁਨੀਆਂ ਵਿਚ ਲਿਆ ਸੁੱਟਿਆ ਹੈ ਜਿਥੇ ਉਸ ਦੀ ਸੋਚ ਅਤੇ ਸਿਰਜਨਾ ਨੂੰ ਸਕਤਾ ਮਾਰ ਗਿਆ ਹੈ। ਹੁਣ ਵਿਆਹ ਨਵੇਂ ਤੋਂ ਨਵੇਂ ਢਕੌਂਜਾਂ ਦੇ ਬਾਇਸ ਬਣ ਰਹੇ ਹਨ। ਪਿਆਰ ਹੁਣ ਆਪ ਮੁਹਾਰੇ ਨਹੀਂ ਹੁੰਦਾ ਸਗੋਂ ਕੋਸ਼ਿਸ਼ ਕਰਕੇ ਤੇ ਜਾਣ-ਬੁੱਝ ਕੇ ਕੀਤਾ ਜਾਂਦਾ ਹੈ। ਚੰਗੀਆਂ ਨੌਕਰੀਆਂ, ਕੋਠੀਆਂ ਤੇ ਕਾਰਾਂ ਦੇ ਚੱਕਰ ਵਿਚ ਪਿਆਂ ਨੂੰ ਸੱਚਾ ਪਿਆਰ ਕਰਨਾ ਆ ਹੀ ਨਹੀਂ ਸਕਦਾ। ਹੁਣ ਗੀਤ ਇੰਜ ਗਾਏ ਜਾਂਦੇ ਹਨ:

**ਕੋਠੀ ਦੇ ਦੇ ਕਾਰ ਦੇ ਦੇ, ਟਾਫ਼ੀ ਵਰਗੀ ਨਾਰ ਦੇ ਦੇ।**

ਹੁਣ ਬੰਦਾ ਸਹੀ ਮਾਅਨਿਆਂ ’ਚ ਜਿਉਂਦਾ ਨਹੀਂ, ਜਿਊਣ ਦਾ ਸਵਾਂਗ ਰਚਦਾ ਹੈ।

ਝੂਠ ਅਤੇ ਧੋਖਾਧੜੀ ਦਾ ਬਾਜ਼ਾਰ ਗਰਮ ਹੈ। ਚਾਰੇ ਪਾਸੇ ‘ਹੋਰ ਕਮਾਓ’ ਅਤੇ ‘ਦਿਲ ਮਾਂਗੇ ਮੋਰ’ ਦੀ ਬੋਲੀ ਲੱਗ ਰਹੀ ਹੈ ਜੋ ਸਮਾਜ ਦੀਆਂ ਜੜ੍ਹਾਂ ਨੂੰ

ਘੁਣ ਵਾਂਗ ਖਾ ਰਹੀ ਹੈ। ਮਿੱਠੀਆਂ ਮੁਸਕਾਨਾਂ ਹੇਠ ਲੋਕ ਇਕ ਦੂਜੇ ਦਾ ਗਲ ਵੱਢ ਰਹੇ ਹਨ। ਸਬਰ, ਸੰਤੋਖ, ਸੱਚਾਈ ਤੇ ਸੁਹਿਰਦਤਾ ਆਦਿ ਸ਼ਬਦ ਸਿਰਫ਼ ਸ਼ਬਦਕੋਸ਼ ਵਿਚ ਰਹਿ ਗਏ ਹਨ। ਮਿੱਤਰਤਾ, ਵਿਸ਼ਵਾਸ, ਵਫ਼ਾਦਾਰੀ, ਸ਼ਰਧਾ ਜਾਂ ਨਿਸ਼ਠਾ ਆਦਿ ਕਵੀਆਂ ਦੀ ਕਲਪਨਾ ਵਿਚ ਹੀ ਕਾਰਗਰ ਹੁੰਦੇ ਹਨ। ਵੱਧ ਤੋਂ ਵੱਧ ਪ੍ਰਾਪਤੀਆਂ ਦੀ ਲਾਲਸਾ ਵਿਚ ਖ਼ਲਕਤ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਵਿਚ ਲੱਗੀ ਹੈ। ਕ੍ਰੋਧ, ਹਿੰਸਾ, ਕਾਮ, ਜ਼ੁਲਮ ਅਤੇ ਬਦਲਾਲਊ ਪ੍ਰਵਿਰਤੀਆਂ ਦੀ ਚੜ੍ਹ ਮੱਚੀ ਹੈ। ਸਦਾਚਾਰ, ਬਰਾਬਰੀ ਤੇ ਇਨਸਾਫ਼ ਦੀਆਂ ਗੱਲਾਂ ਵੀ ਭਾਵੇਂ ਹੁਣ ਕਿਸੇ ਕਿਸੇ ਤਬਕੇ ਵਿਚ ਹੋਣ ਲੱਗ ਪਈਆਂ ਹਨ ਪਰ ਇਹ ਨਗਾਰੇ ਅੱਗੇ ਤੂਤੀ ਵਾਲੀ ਗੱਲ ਹੈ। ਨੈਤਿਕ ਨਿਘਾਰ ਇਸ ਹੱਦ ਤੱਕ ਹੋ ਚੁੱਕਾ ਹੈ ਕਿ ਇਸ ਵਿਚ ਸੁਧਾਰ ਦੀ ਗੱਲ ਅਸੰਭਵ ਲੱਗਣ ਲੱਗਦੀ ਹੈ। ਬੇਹੱਦ ਘਿਨਾਉਣੀਆਂ ਅਪਰਾਧਕ ਵਾਰਦਾਤਾਂ ਤੋਂ ਬਾਅਦ ਹੁਣ ਕਾਨੂੰਨ ਹੋਰ ਸਖ਼ਤ ਵੀ ਬਣਾਏ ਜਾ ਰਹੇ ਹਨ। ਕਾਨੂੰਨ, ਵਿਵਸਥਾ ਅਤੇ ਦੰਡ-ਨਿਯਮਾਂਵਲੀ ਵਿਚ ਬਦਲਾਵ ਲਿਆਉਣ ਦੇ ਯਤਨ ਵੀ ਹੋਣ ਲੱਗੇ ਹਨ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਨਾਲ ਹੀ ਅਪਰਾਧ ਦੀਆਂ ਗਤੀਵਿਧੀਆਂ ਦਾ ਗ੍ਰਾਫ਼ ਵੀ ਚੜ੍ਹਦਾ ਜਾ ਰਿਹਾ ਹੈ। ਔਰਤ ਅਜੇ ਵੀ ਅਸੁਰੱਖਿਅਤ ਹੈ। ਉਸ ਨੂੰ ਹਰ ਥਾਂ ਸੈਕਸ ਦੇ ਮਾਲ ਵਾਂਗ ਵਰਤਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਹ ਸਾਰਾ ਕੁਝ ਮਨੁੱਖ ਦੀ ਮੰਡੀ-ਮਾਨਸਿਕਤਾ ਦੇ ਕਾਰਨ ਹੋ ਰਿਹਾ ਹੈ। ਅਨਪੜ੍ਹ ਜਾਹਿਲ, ਪੜ੍ਹੇ-ਲਿਖੇ ਅਤੇ ਸਜੇ-ਬਣੇ ਸਭ ਇਕੋ ਜਿਹੀ ਮਾਨਸਿਕ 'ਪਰਵਰਸ਼ਨ' ਦਾ ਸ਼ਿਕਾਰ ਹੋਏ ਫਿਰਦੇ ਹਨ। ਜਿਸਮਾਨੀ ਤੇ ਨਫ਼ਸਾਨੀ ਖਾਹਿਸ਼ਾਂ ਦੀ ਪੂਰਤੀ ਲਈ ਵਿਵੇਕ, ਬੁੱਧੀ, ਉਚਿਤਤਾ, ਅਖ਼ਲਾਕ ਵਰਗੇ ਗੁਣ ਤਿਆਗ ਦਿੱਤੇ ਗਏ ਹਨ। ਮਿਥਿਹਾਸ ਗਵਾਹ ਹੈ ਕਿ ਗਿਰੀਆਂ ਹੋਈਆਂ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਔਰਤ ਨੂੰ ਦਰੋਪਦੀ ਵਾਂਗ ਦਾਅ 'ਤੇ ਲਗਾ ਦਿੱਤਾ ਜਾਂਦਾ ਹੈ। ਸਾਡੇ ਅਜੋਕੇ ਕਦਰਾਂ-ਕੀਮਤਾਂ ਵਿਹੂਣੇ ਸਮਾਜ ਨੇ ਵੀ ਔਰਤ ਦੀ ਅਜ਼ਮਤ ਨੂੰ ਮਿੱਟੀ 'ਚ ਰੋਲ ਦਿੱਤਾ ਹੈ। ਉਸ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਹੋ ਰਿਹਾ ਹੈ। ਇਸ ਨਿਘਾਰ ਲਈ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ ਅਤੇ ਇਸ ਨੂੰ ਠੱਲ ਪਾਉਣ ਲਈ ਵੀ ਸਾਂਝੇ ਯਤਨਾਂ ਦੀ ਲੋੜ ਹੈ। ਇਸ ਤੋਂ ਪਹਿਲਾਂ ਕਿ ਸਮਾਜ ਦੀਅਆਂ ਬੀਮਾਰ ਪਰਵਿਰਤੀਆਂ ਦੀ ਦਰਿੰਦਗੀ ਹੋਰ ਬੇਕਾਬੂ ਹੋ ਜਾਵੇ, ਇਹਨਾਂ ਨੂੰ ਰੋਕਣ ਲਈ ਕ੍ਰਿਆਸ਼ੀਲ ਹੋਣ ਦੀ ਸਖ਼ਤ ਜ਼ਰੂਰਤ ਹੈ। ਔਰਤਾਂ ਨੂੰ ਵੀ ਆਪਣੀ ਉਸਾਰੂ ਭੂਮਿਕਾ ਨਿਭਾਉਣ ਲਈ ਕਮਰ ਕੱਸ ਲੈਣੀ ਚਾਹੀਦੀ ਹੈ। ਅਜੋਕੇ ਵਰਤਾਰੇ ਵਿਚ ਆਪਣੀ ਹਾਂ ਪੱਖੀ ਭੂਮਿਕਾ ਨਿਭਾਉਣ ਵਿਚ ਔਰਤਾਂ ਕਿਤੇ ਕੁਤਾਹੀ ਵੀ ਕਰ ਰਹੀਆਂ ਹਨ। ਉਹਨਾਂ ਦੀ ਅਪਰਾਧ ਜਗਤ ਵਿਚ ਭਾਈਵਾਲੀ ਦੇ ਸੰਕੇਤ ਵੀ ਮਿਲਦੇ ਹਨ। ਉਹ ਆਪਣੇ ਹੱਕ 'ਚ ਬਣੇ ਕਾਨੂੰਨ ਦੀ ਦੁਰਵਰਤੋਂ ਵੀ ਕਰਦੀਆਂ ਹਨ। ਜਦੋਂ ਇਹ ਖ਼ਬਰ ਨਸ਼ਰ ਹੁੰਦੀ ਹੈ ਕਿ ਫਲਾਂ ਮਰਦ ਫਲਾਂ ਔਰਤ ਨਾਲ ਰਹਿ ਕੇ ਕਿਸੇ ਨੌਕਰੀ ਦਾ ਜਾਂ ਵਿਆਹ ਕਰਨ ਦਾ ਝਾਂਸਾ ਦੇ ਕੇ ਕਈ ਦਿਨ ਉਸ ਦਾ ਬਲਾਤਕਾਰ ਕਰਦਾ ਰਿਹਾ ਤਾਂ ਇਸ ਵਿਚ ਔਰਤ ਦੀ ਸਹਿਜ ਬੁੱਧੀ ਅਤੇ ਅਕਲ ਨੂੰ ਵੀ ਬਰਾਬਰ ਦਾ ਦੋਸ਼ ਦੇਣ ਨੂੰ ਜੀ ਕਰਦਾ ਹੈ। ਅਜਿਹੇ ਕੇਸਾਂ ਵਿਚ ਔਰਤਾਂ ਆਪਣਾ ਪੱਖ ਠੀਕ ਪੇਸ਼ ਨਹੀਂ ਕਰਦੀਆਂ। ਉਹ ਆਪ ਵੀ ਮਹੱਤਵ ਆਕਾਂਖਿਆ ਅਤੇ ਲਾਲਸਾਵੱਸ ਹੁੰਦੀਆਂ ਹਨ। ਫਿਰ ਮਰਦ ਨੂੰ ਮੁੱਕਰ ਗਿਆ ਜਾਣ ਕੇ ਉਸ ਉਤੇ ਬਲਾਤਕਾਰ ਦਾ ਦੋਸ਼ ਲਾਉਂਦੀਆਂ ਹਨ। ਅਜਿਹੀਆਂ ਉਦਾਹਰਣਾਂ ਵਿਚ ਔਰਤ ਦੀ ਪਵਿਤਰਤਾ ਦੀ ਸੂਝ, ਸਿਆਣਪ ਅਤੇ ਸਹਿਜਬੁੱਧੀ ਦੀ ਨਾਕਾਮੀ ਵੀ ਕਿਧਰੇ ਬੋਲ ਰਹੀ ਹੁੰਦੀ ਹੈ। ਸਾਡੇ ਸਮਿਆਂ ਵਿਚ ਮਾਵਾਂ ਵੱਲੋਂ ਧੀਆਂ ਨੂੰ ਜੋ ਸਿੱਖਿਆ ਦਿੱਤੀ ਜਾਂਦੀ ਸੀ ਉਹ ਔਰਤ ਅੰਦਰਲੀ ਸੂਝ ਅਤੇ ਸਹਿਜਬੁੱਧੀ ਨੂੰ ਤਿੱਖਿਆਂ ਕਰਨ ਲਈ ਹੁੰਦੀ ਸੀ। ਮਰਦ ਅੰਦਰ ਹੈਂਕੜ ਅਤੇ ਪਸ਼ੂ ਬਲ ਦੀ ਬਹੁਤਾਇਤ ਹੁੰਦੀ ਹੈ। ਇਸ ਦੇ ਉਲਟ ਔਰਤ ਦੀ ਮਾਨਸਿਕਤਾ ਅਤੇ ਸੰਵੇਦਨਾ ਬਹੁਤ ਮਜ਼ਬੂਤ ਹੁੰਦੀ ਹੈ।

ਘਰ ਵਿਚ ਮਾਂ ਹਰ ਬੱਚੇ ਦੀ ਪਹਿਲੀ ਅਤੇ ਮੁੱਢਲੀ ਅਧਿਆਪਕ ਹੁੰਦੀ ਹੈ। ਇਸ ਲਈ ਹਰ ਮਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਾਂ ਪੱਖੀ ਤੇ ਸਿਹਤਮੰਦ ਕਦਰਾਂ ਦੀ ਸਿੱਖਿਆ ਦੇਵੇ। ਜੇ ਮੁੰਡੇ ਫ਼ਿਤਰਤਨ ਖਰੂਦੀ ਹੋਣ ਤਾਂ ਉਹਨਾਂ ਨੂੰ ਝਿੜਕਣ ਝੰਬਣ ਦੀ ਲੋੜ ਹੈ, ਨਾ ਕਿ ਵਾਧੂ ਲਾਡ ਲਡਾਉਣ ਦੀ। ਕੁੜੀਆਂ ਨੂੰ ਕੁਦਰਤ ਦੀ ਅਦੁੱਤੀ ਦਾਤਿ ਹੋਣ ਦਾ ਦਰਜਾ ਪਰਿਵਾਰਾਂ ਵਿਚ ਮਿਲਣਾ ਜ਼ਰੂਰੀ ਹੈ। ਕਈ ਪੁਰਾਣੀਆਂ ਪਰਿਵਾਰਕ ਰਹੁ-ਰੀਤਾਂ ਵਿਚ ਅਜਿਹੇ ਸੰਕੇਤਕ ਅਤੇ ਪ੍ਰਤੀਕਮਈ ਅਰਥ ਸਮੋਏ ਹਨ। ਮੈਨੂੰ ਯਾਦ ਹੈ, ਬਚਪਨ ਵਿਚ ਸਾਡੇ ਘਰ ਦੇ ਪੁਰਖ ਮੈਂਬਰ, ਪਿਤਾ, ਭਰਾ, ਪੁੱਤਰ ਆਦਿ ਕੋਈ ਨਵਾਂ ਕੱਪੜਾ ਸੁਆ ਕੇ ਪਾਉਣ ਲੱਗਦੇ ਤਾਂ ਮਾਂ ਸਾਨੂੰ ਧੀਆਂ ਨੂੰ, ਮੁੱਖ ਰੱਖ ਕੇ ਉਹਨਾਂ ਨੂੰ ਕਹਿੰਦੀ, "ਇਹ ਕੰਨਿਆਵਾਂ ਕੁਦਰਤ ਦੀ ਦਾਤਿ ਵੀ ਨੇ ਤੇ ਪਰਿਵਾਰਾਂ ਨੂੰ ਸੁਖ, ਸਮਰਿੱਧੀ ਦੇਣ ਵਾਲੀਆਂ ਦਾਤੀਆਂ ਵੀ ਨੇ। ਨਵਾਂ ਕੱਪੜਾ ਪਹਿਲਾਂ ਇਹਨਾਂ ਦੇ ਚਰਨੀਂ ਲਾਵੋ, ਫਿਰ ਪਾਇਓ।" ਤੇ ਸੱਚਮੁੱਚ ਉਹ ਆਪਣੇ ਨਵੇਂ ਕੱਪੜੇ ਸਾਡੇ ਪੈਰੀਂ ਲਾ ਕੇ ਪਾਉਂਦੇ। ਇਉਂ ਹੀ ਮਾਂ ਜੇ ਸਾਡਾ ਬਹੁਕਰ ਬੁਹਾਰੀ ਨੂੰ ਪੈਰ ਲੱਗ ਜਾਂਦਾ ਤਾਂ ਸਾਨੂੰ ਝਿੜਕ ਦਿੰਦੀ, "ਨੀ ! ਝਾੜੂ ਨੂੰ ਪੈਰ ਨਾ ਲਾਓ; ਇਹ ਤਾਂ ਲੱਛਮੀ ਐ, ਥੋਡੇ ਘਰ ਦਾ ਦਲਿੱਦਰ ਦੂਰ ਕਰਦੀ ਐ।" ਉਹ ਸਾਨੂੰ ਇੰਜ ਸੁਣਾ ਕੇ ਸਾਡੇ ਖਾਨੇ ਵਿਚ ਵਿਚਾਰ ਪਾਉਂਦੀ ਕਿ ਗੰਦ ਹੂੰਝਣ ਵਾਲੀ ਬੇਜਾਨ ਚੀਜ਼ ਵੀ ਸਾਡੇ ਆਦਰ ਦੀ ਪਾਤਰ ਹੈ। ਇਸ ਤੋਂ ਅਗਲਾ ਅਰਥ ਇਹ ਹੋਇਆ ਕਿ ਸਾਫ਼ ਸਫ਼ਾਈ ਕਰਨ ਵਾਲਾ ਕੰਮੀ-ਕਮੀਣ ਵੀ ਦੇਵਤਾ ਸਰੂਪ ਸਮਝਿਆ ਜਾਣਾ ਚਾਹੀਦਾ ਹੈ। ਉਹ ਜੋ ਹੀਣਾ ਹੈ, ਪਰ ਤੁਹਾਡੇ ਸੁਖ ਦਾ ਕਾਰਨ ਹੈ ਤਾਂ ਉਸ ਨੂੰ ਅਨੰਤ ਆਦਰ ਸਨਮਾਨ ਦਿਓ। ਕਿੱਥੇ ਰਹਿ ਗਈਆਂ ਹਨ ਹੁਣ ਘਰਾਂ ਵਿਚ ਅਜਿਹੀਆਂ ਕਦਰਾਂ-ਕੀਮਤਾਂ।

ਖਰੂਦੀ ਤੇ ਅਪਰਾਧਕ ਪਰਵਿਰਤੀਆਂ ਨੂੰ ਠੀਕ ਰਸਤੇ ਪਾਉਣ ਲਈ ਮਾਂ ਵੱਲੋਂ ਉਹਨਾਂ ਨੂੰ ਸਿਧਾਉਣਾ ਤੇ ਰੋਕਣਾ ਬਹੁਤ ਜ਼ਰੂਰੀ ਹੈ। ਪਹਿਲੀਆਂ ਲੋਕ-ਸਿਆਣਪਾਂ ਵੀ ਲੋੜੀਂਦੇ ਆਦਰਸ਼ਾਂ ਦੇ ਸਨਮੁੱਖ ਹੀ ਹੋਂਦ ਵਿਚ ਆਈਆਂ। ਬਚਪਨ ਵਿਚ ਇਕ ਕਹਾਣੀ ਸੁਣਦੇ ਹੁੰਦੇ ਸਾਂ ਕਿ ਕਿਸੇ ਨੌਜਵਾਨ ਨੇ ਚੋਰੀ ਕੀਤੀ। ਅਦਾਲਤ ਵਿਚ ਉਸ ਨੂੰ ਦੰਡ ਸੁਣਾਇਆ ਗਿਆ ਤਾਂ ਉਸ ਨੇ ਆਪਣੀ ਮਾਂ ਨਾਲ ਗੱਲ ਕਰਨ ਦੀ ਖਾਹਿਸ਼ ਜਤਾਈ। ਮਾਂ ਜਦੋਂ ਗੱਲ ਸੁਣਨ ਲਈ ਕੋਲ ਹੋਈ ਤਾਂ ਪੁੱਤਰ ਨੇ ਉਸ ਦੇ ਕੰਨ 'ਤੇ ਦੰਦੀ ਵੱਢ ਦਿੱਤੀ। ਜਦੋਂ ਮੁਨਸਿਫ਼ ਨੇ ਪੁੱਛਿਆ ਕਿ ਤੂੰ ਅਜਿਹਾ ਕਿਉਂ ਕਰ ਰਿਹੈਂ ਤਾਂ ਉਹ ਨੌਜਵਾਨ ਕਹਿਣ ਲੱਗਿਆ, "ਹੁਣ ਤੱਕ ਮੇਰੀਆਂ ਇੱਲਤਾਂ, ਕਰਤੂਤਾਂ ਤੇ ਚੋਰੀਆਂ ਬਾਰੇ ਸੁਣ ਕੇ ਇਹ ਮੇਰੀ ਮਾਂ ਖੁਸ਼ ਹੁੰਦੀ ਰਹੀ ਹੈ। ਇਸ ਨੇ ਕਦੇ ਮੈਨੂੰ ਬੁਰੇ ਕੰਮ ਕਰਨ ਤੋਂ ਵਰਜਿਆ ਨਹੀਂ। ਤੁਸੀਂ ਮੈਨੂੰ ਸਜ਼ਾ ਸੁਣਾਈ ਹੈ। ਮੈਂ ਮਾਂ ਨੂੰ ਸਜ਼ਾ ਦਿੱਤੀ ਹੈ। ਜੀਹਨੇ ਮੈਨੂੰ ਇਸ ਰਾਹ ਤੋਰਿਆ।" ਇਸ ਕਹਾਣੀ ਦਾ ਨੀਤੀ-ਬਚਨ ਸਦੀਵੀ ਹੈ ਅਤੇ ਸਾਰਿਆਂ 'ਤੇ ਲਾਗੂ ਹੁੰਦਾ ਹੈ। ਅਜੋਕੇ ਦੁਰਾਚਾਰ ਦੀ ਖੇਡ ਵਿਚ ਅਸੀਂ ਸਾਰੇ ਦੰਡ ਦੇ ਭਾਗੀ ਹਾਂ ਅਤੇ ਮਾਵਾਂ ਖਾਸ ਕਰਕੇ।

ਟੈਲੀਵਿਜ਼ਨ ਚੈਨਲਾਂ ਰਾਹੀਂ ਮੁਹੱਈਆ ਕੀਤਾ ਜਾ ਰਿਹਾ ਮਨੋਰੰਜਨ ਸੱਤਯੰ, ਸ਼ਿਵਮ, ਸੁੰਦਰਮ ਦੀ ਥਾਂ ਸੈਕਸ, ਖ਼ਿਲ, ਹਿੰਸਾ, ਗਲੈਮਰ ਅਤੇ

ਅੱਯਾਸ਼ੀ ਆਦਿ ਪਰੋਸ ਕੇ ਮਨੁੱਖ ਨੂੰ ਸੂਹਜ ਦੀ ਥਾਂ ਆਦਿਮ ਪਰਵਿਰਤੀਆਂ ਦੇ ਸਨਮੁਖ ਕਰਾਉਂਦਾ ਹੈ। ਰੋਡੀਜ਼ ਸ਼ੋ, ਲਾਫ਼ਟਰ ਚੈਲੰਜ, ਬਿਗ ਬਾਸ ਵਰਗੇ ਪ੍ਰੋਗਰਾਮ ਹਨ ਭਾਵੇਂ ਸੀਰੀਅਲਜ਼ ਹੀ ਪਰ ਇਹ ਸਾਰੇ ਇਸ਼ਤਿਹਾਰਬਾਜ਼ੀ ਮੁਹਿੰਮਾਂਨ ਾਲਿ ਮਲਕ ੇਅ ੱਯਾਸ਼ੀਅ ਤੇਖ ਪਤਵਾਦਦ ਿਆਂ ਇੱਛਾਵਾਂ ਜਗਾਉਂਦੇ ਹਨ। ਇਸ ਸਮੇਂ ਦੀ ਨੈਤਿਕਤਾ ਨੂੰ ਖੁਲ੍ਹੇ ਸਮਾਜਕ, ਆਰਥਕ ਵਰਤਾਰਿਆਂ ਨੇ ਸਭ ਤੋਂ ਵੱਧ ਖੋਰਾ ਲਾਇਆ ਹੈ। ਅਦਾਲਤਾਂ ਵੀ ਹੁਣ ਫੈਸਲੇ ਦੇਣ ਲੱਗਿਆਂ ਅਜਿਹੀ ਖੁਲ੍ਹ ਤੋਂ ਕੰਮ ਲੈਂਦੀਆਂ ਹਨ ਕਿ ਇਨ੍ਹਾਂ ਫੈਸਲਿਆਂ ਦੇ ਦੂਰ ਰਸੀ ਨਤੀਜੇ ਮਾੜੇ ਨਿਕਲਣ ਦੀ ਸੰਭਾਵਨਾ ਵੀ ਪੈਦਾ ਹੋ ਜਾਂਦੀ ਹੈ। ਵਿਆਹ ਤੋਂ ਬਗੈਰ ਹੀ ਪਤੀ ਪਤਨੀ ਬਣ ਕੇ ਰਹਿਣ ਨੂੰ ਜਾਇਜ਼ ਕਰਾਰ ਦੇਣ ਦਾ ਮਤਲਬ ਦੂਜੇ ਸ਼ਬਦਾਂ ਵਿਚ ਇਹ ਹੈ ਕਿ ਵਿਆਹ ਦੀ ਰਸਮ ਫਜ਼ੂਲ ਜਿਹੀ ਮਸ਼ਕ ਹੈ ਜਿਸ ਦੀ ਕੋਈ ਮਰਯਾਦਾ ਨਹੀਂ ਹੈ। ਵਿਆਹ ਵਰਗਾ ਮੁਕੱਦਸ ਮੇਲ ਹੀ ਸਿਹਤਮੰਦ ਪਰਿਵਾਰਕ ਰਿਸ਼ਤਿਆਂ ਦੀ ਬੁਨਿਆਦ ਬਣਦਾ ਹੈ। ਪਰ ਹੁਣ ਨਾਲ ਹੀ ਨਿਆਂਪਾਲਕਾ ਨੇ ਇਹ ਵੀ ਜਾਇਜ਼ ਠਹਿਰਾ ਦਿੱਤਾ ਹੈ ਕਿ ਵਿਆਹ ਕਰਾਉਣ ਦੀ ਜਹਿਮਤ ਉਠਾਏ ਬਿਨਾਂ ਜੀਹਦੇ ਨਾਲ ਮਰਜ਼ੀ ਰਹਿਣਾ ਸ਼ੁਰੂ ਕਰ ਦਿਓ। ਸਮਾਜ ਵਿਚ ਅਜਿਹੇ ਨੈਤਿਕ ਬਦਲਾਵ ਤੇਜ਼ੀ ਨਾਲ ਆ ਰਹੇ ਹਨ। ਕਦਰਾਂ ਕਾਇਮ ਹੋਣ ਨੂੰ ਸਮਾਂ ਲੱਗਦਾ ਹੈ। ਪਰ ਇਹਨਾਂ ਨੂੰ ਭੰਗ ਕਰਨਾ ਬਹੁਤ ਸੌਖਾ ਹੈ।

ਜਾਪਦਾ ਹੈ ਕਿ ਮਨੁੱਖੀ ਅਖ਼ਲਾਕ ਸੰਬੰਧੀ ਨੀਤੀ ਅਤੇ ਮਸਲਿਆਂ ਦੇ ਮਾਮਲੇ ਵਿਚ ਭਾਰਤੀ ਸਮਾਜ ਇਸ ਸਮੇਂ ਉਸ ਚੌਰਾਹੇ ਉਤੇ ਹੈ ਜਿਥੋਂ ਕਈ ਰਾਹ ਨਿਕਲਦੇ ਹਨ। ਇਹ ਅਤੀ ਨਾਜ਼ੁਕ ਸਥਿਤੀ ਹੈ ਤੇ ਸੰਕਟ ਭਰੀ ਹੈ। ਸਾਡੀਆਂ ਅਦਾਲਤਾਂ ਵੀ ਇਸ ਸੰਕਟ ਸਥਿਤੀ ਤੋਂ ਨਿਸਤਾਰਾ ਮੁਹੱਈਆ ਕਰਾਉਣ ਦੀ ਥਾਂ ਉਲਝਣ ਵਧਾਉਣ ਵਾਲੇ ਫੈਸਲੇ ਲੈਣ ਵੱਲ ਰੁਚਿਤ ਭਾਸਦੀਆਂ ਹਨ।

9814902564

# ਕਾਫੀ
# ਬੁੱਲੇ ਸ਼ਾਹ ਜੀ

ਇਕ ਵਾਰ ਬੁੱਲੇ ਸ਼ਾਹ ਜੀ ਕਿਤੇ ਬੈਠੇ ਸਨ ਤਾ ਕੀ ਦੇਖਦੇ ਨੇ ਕਿ ਇਕ ਮੁਟਿਆਰ ਆਪਣੀ ਢਾਕ (ਬੱਖੀ) ਦੇ ਉਪਰ ਘੜਾ ਚੁੱਕੀ ਆਪਣੀ ਚੂੜੇ ਵਾਲੀ ਬਾਂਹ ਘੜੇ ਦੇ ਗਲ ਉਪਰ ਦੀ ਪਾ ਕੇ ਪਾਣੀ ਭਰਨ ਜਾ ਰਹੀ ਹੈ ਤਾ ਬੁੱਲੇ ਸ਼ਾਹ ਨੇ ਘੜੇ ਨੂੰ ਦੇਖ ਕੇ ਇੱਕ ਕਾਫੀ ਦੇ ਰੂਪ ਵਿਚ ਕੁਝ ਲਾਈਨਾਂ ਕਹੀਆਂ ਤੇ ਲਿਖੀਆਂ ਤੇ ਆਪ ਹੀ ਘੜੇ ਵੱਲੋਂ ਉਹਨਾ ਲਾਈਨਾਂ ਦਾ ਜੁਆਬ ਵੀ ਦਿੱਤਾ... –

**ਨੇਕ ਨਸੀਬ ਤੇਰੇ ਓ ਘੜਿਆ**
**ਚੜਿਆ ਜਾਨਾ ਢਾਕ ਪਰਾਈ**
**ਚੂੜੇ ਵਾਲੀ ਬਾਂਹ ਸੱਜਣਾ ਦੀ**
**ਜਾਨਾ ਗਲ ਵਿੱਚ ਪਾਈ**

ਫਿਰ ਆਪ ਹੀ ਬੁੱਲੇ ਸ਼ਾਹ ਨੇ ਘੜੇ ਵੱਲੋਂ ਜੁਆਬ ਦਿੱਤਾ ਕਿ

**ਪਹਿਲਾਂ ਵਾਢ ਕਹੀਆਂ ਦੀ ਖਾਦੀ**
**ਫਿਰ ਘਰ ਘੁਮਿਆਰਾ ਆਏ**
**ਪਾਣੀ ਵਿਚ ਰਲ ਗਾਰਾ ਹੋਏ**
**ਅਸੀ ਚੱਕ ਤੇ ਸ਼ੀਸ ਕਟਾਏ**
**ਅੱਠ ਪਹਿਰ ਅੱਗ ਹਿਜਰ ਦੀ ਸਾੜੀ**
**ਅਸੀ ਉਥੇ ਰੰਗ ਵਟਾਏ**
**ਗਲੀ ਗਲੀ ਫਿਰ ਦਿੱਤਾ ਹੋਕਾ**
**ਫਿਰ ਘਰ ਸੱਜਣਾ ਦੇ ਆਏ**
**ਰੱਸੀ ਬੰਨ ਫਿਰ ਖੂਹ ਵਿਚ ਲਮਕੇ**
**ਅਸੀਂ ਗਿਣ ਗਿਣ ਗੋਤੇ ਲਾਏ**
**ਐਨੇ ਦੁੱਖ ਝੱਲ ਝੱਲ ਕੇ ਬੁੱਲਿਆ**
**ਅਸੀਂ ਢਾਕ ਮਹਿਬੂਬ ਦੀ ਆਏ..**



# ਪੰਜਾਬ ਦਾ ਕੰਢੀ ਖੇਤਰ

ਡਾ. ਧਰਮਪਾਲ ਸਾਹਿਲ

**“ਕਦੇ ਪੰਜਾਬ, ਮਹਾਂ ਪੰਜਾਬ ਕਰਕੇ ਜਾਣਿਆ ਜਾਂਦਾ ਸੀ। ਉਸ ਸਮੇਂ ਹਿਮਾਚਲ, ਜੰਮੂ-ਕਸ਼ਮੀਰ ਤੇ ਹਰਿਆਣਾ ਦਾ ਵਧੇਰੇ ਹਿੱਸਾ ਪੰਜਾਬ ਵਿੱਚ ਸ਼ਾਮਿਲ ਸੀ। ਫਿਰ ਅਲੱਗ-ਅਲੱਗ ਰਾਜਾਂ ਦੀ ਮੰਗ ਹੇਠ ਮਹਾਂ ਪੰਜਾਬ ਸੁੰਗੜਦਾ-ਸਿਮਟਦਾ ਅਜੋਕੀ ਬਹੁਤ ਛੋਟੀ ਸ਼ਕਲ ਅਖ਼ਤਿਆਰ ਕਰ ਗਿਆ। ਮਗਰੋਂ 1966 ਵਿੱਚ ਹਿਮਾਚਲ ਰਾਜ ਬਨਣ ਤੇ ਜਿਲ੍ਹਾ ਹੁਸ਼ਿਆਰਪੁਰ ਦੀ ਇੱਕ ਤਹਿਸੀਲ ਊਨਾ, ਜ਼ਿਲ੍ਹਾ ਬਣ ਕੇ ਹਿਮਾਚਲ ਵਿੱਚ ਸ਼ਾਮਿਲ ਕੀਤੀ ਗਈ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਲੱਗਦਾ ਬਾਰਡਰ ਵਾਲਾ ਨੀਮ ਪਹਾੜੀ ਹਿੱਸਾ ਪੰਜਾਬ ਦੀ ਨਵੀਂ ਹਦਬੰਦੀ ਬਣਿਆ।”**

ਸ਼ਿਵਾਲਿਕ ਦੀਆਂ ਪਹਾੜੀਆਂ ਹਿਮਾਲੇ ਤੇ ਮੈਦਾਨੀ ਖੇਤਰ ਨੂੰ ਇਕ ਦੂਸਰੇ ਤੋਂ ਅਲੱਗ ਕਰਦੀਆਂ ਹਨ। ਸ਼ਿਵਾਲਿਕ ਖੇਤਰ, ਪੰਜਾਬ ਦੇ ਰੋਪੜ, ਹੁਸ਼ਿਆਰਪੁਰ ਤੇ ਪਠਾਨਕੋਟ, ਗੁਰਦਾਸਪੁਰ ਜਿਲ੍ਹਿਆਂ ਵਿਚ ਫੈਲਿਆ ਹੋਇਆ ਹੈ। ਇਹ ਪਹਾੜੀਆਂ ਉੱਤਰ-ਪੱਛਮ ਤੋਂ ਦੱਖਣ-ਪੂਰਬ ਵਿਚਾਲੇ ਇੱਕ ਕੰਧ ਵਾਂਗ ਸਿਰਸਾ ਤੇ ਊਨਾ (ਹਿਮਾਚਲ ਪ੍ਰਦੇਸ਼) ਦੀਆਂ ਘਾਟੀਆਂ ਨੂੰ ਪੱਛਮੀ ਮੈਦਾਨਾਂ ਤੋਂ ਅਲੱਗ ਕਰਦੀਆਂ ਹਨ। ਇਹ ਪਹਾੜੀਆਂ ਲਗਭਗ 13 ਤੋਂ 14 ਕਿਲੋਮੀਟਰ ਚੌੜਾਈ ਤੇ 250 ਕਿਲੋਮੀਟਰ ਲੰਬਾਈ ਵਾਲੀਆਂ ਤੇ ਸਮੁੰਦਰੀ ਤਲ ਤੋਂ 400 ਤੋਂ 700 ਮੀਟਰ ਉਚਾਈ ਵਾਲੀਆਂ ਹਨ। ਇਨ੍ਹਾਂ ਪਹਾੜੀਆਂ ਦੀ ਢਲਾਨ ਪੰਜਾਬ ਦੇ ਮੈਦਾਨੀ ਹਿੱਸੇ ਵੱਲ ਹੈ।

ਪੰਜਾਬ ਦੇ 5.38 ਲੱਖ ਹੈਕਟੇਅਰ ਖੇਤਰ ਦਾ ਲਗਭਗ 10% ਖੇਤਰ ਜੋ ਕਿ ਸ਼ਿਵਾਲਿਕ ਪਹਾੜੀਆਂ ਦੇ ਦਾਇਰੇ ਵਿੱਚ ਆਉਂਦਾ ਹੈ ਜਿਸ ਨੂੰ ਸਥਾਨਕ ਭਾਸ਼ਾ ਵਿੱਚ ‘ਕੰਢੀ ਖੇਤਰ’ ਕਿਹਾ ਜਾਂਦਾ ਹੈ। ਇਹ ਕੰਢੀ ਖੇਤਰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੋਪੜ ਤੇ ਅਜੀਤਗੜ੍ਹ ਜਿਲ੍ਹਿਆਂ ਦੇ ਉੱਤਰ-ਪੂਰਬ ਵਿਚ 30° 21’ 48” ਤੋਂ 32° 30” ਉੱਤਰੀ ਵਿਥਕਾਰਾਂ ਅਤੇ 75° 32’ 12” ਤੋਂ 75° 56” ਪੂਰਬੀ ਲੰਬਕਾਰਾਂ ਵਿਚਾਲੇ ਸਥਿਤ ਹੈ। ਇਸ ਖੇਤਰ ਵਿੱਚ ਪੰਜਾਬ ਦੇ 2154 ਪਿੰਡ ਪੈਂਦੇ ਹਨ। ਇਸ ਖੇਤਰ ਵਿੱਚ ਔਸਤ 1000 ਮ.ਮ. ਤੋਂ 1200 ਮ.ਮ. ਵਰਖਾ ਹੁੰਦੀ ਹੈ। ਕੰਢੀ ਖੇਤਰ ਦਾ ਸਿਰਫ਼ 20% ਖੇਤਰ ਸਿੰਜਾਈ ਰਾਹੀਂ ਖੇਤੀ ਯੋਗ ਹੈ। ਇਸ ਖੇਤਰ ਵਿੱਚ ਚੋਆਂ ਦੀ ਭਰਮਾਰ ਹੈ। ਹੜ੍ਹਾਂ ਕਰਕੇ ਭੋਂ-ਖੋਰ ਦੀ ਮਾਰ ਪੈਂਦੀ ਹੈ। ਆਰਥਕ ਤੌਰ ਤੇ ਇਹ ਖੇਤਰ ਕਮਜ਼ੋਰ ਹੈ। ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ, ਪਰ ਜ਼ਮੀਨ ਵੰਡੀ ਹੋਈ ਤੇ ਸਿਰਫ਼ ਵਰਖਾ ਦੇ ਪਾਣੀ ਤੇ ਨਿਰਭਰ ਹੁੰਦੀ ਹੈ।

ਕਿਸਾਨ ਮਿੱਟੀ ਤੇ ਪਾਣੀ ਦੀ ਮੁਸ਼ਕਲ ਦਾ ਸਾਹਮਣਾ ਕਰਦੇ ਹਨ। ਸੋਕਾ ਤੇ ਹੜ੍ਹ ਦੋਹਾਂ ਦੀ ਮਾਰ ਅਕਸਰ ਝੱਲਦੇ ਹਨ। ਪੀਣ ਦੇ ਸਾਫ਼ ਪਾਣੀ ਦੀ ਵੀ ਵੱਡੀ ਸਮੱਸਿਆ ਹੈ।

ਕਦੇ ਪੰਜਾਬ, ਮਹਾਂ ਪੰਜਾਬ ਕਰਕੇ ਜਾਣਿਆ ਜਾਂਦਾ ਸੀ। ਉਸ ਸਮੇਂ ਹਿਮਾਚਲ, ਜੰਮੂ-ਕਸ਼ਮੀਰ ਤੇ ਹਰਿਆਣਾ ਦਾ ਵਧੇਰੇ ਹਿੱਸਾ ਪੰਜਾਬ ਵਿੱਚ ਸ਼ਾਮਿਲ ਸੀ। ਫਿਰ ਅਲੱਗ-ਅਲੱਗ ਰਾਜਾਂ ਦੀ ਮੰਗ ਹੇਠ ਮਹਾਂ ਪੰਜਾਬ ਸੁੰਗੜਦਾ-ਸਿਮਟਦਾ ਅਜੋਕੀ ਬਹੁਤ ਛੋਟੀ ਸ਼ਕਲ ਅਖ਼ਤਿਆਰ ਕਰ ਗਿਆ। ਮਗਰੋਂ 1966 ਵਿੱਚ ਹਿਮਾਚਲ ਰਾਜ ਬਨਣ ਤੇ ਜਿਲ੍ਹਾ ਹੁਸ਼ਿਆਰਪੁਰ ਦੀ ਇੱਕ ਤਹਿਸੀਲ ਊਨਾ, ਜ਼ਿਲ੍ਹਾ ਬਣ ਕੇ ਹਿਮਾਚਲ ਵਿੱਚ ਸ਼ਾਮਿਲ ਕੀਤੀ ਗਈ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਲੱਗਦਾ ਬਾਰਡਰ ਵਾਲਾ ਨੀਮ ਪਹਾੜੀ ਹਿੱਸਾ ਪੰਜਾਬ ਦੀ ਨਵੀਂ ਹਦਬੰਦੀ ਬਣਿਆ। ਇੰਜ ਸ਼ਿਵਾਲਿਕ ਪਹਾੜੀਆਂ ਨਾਲ ਲੱਗਦੀ ਲਗਭਗ 250 ਕਿਲੋਮੀਟਰ ਲੰਬੀ ਤੇ 13-14 ਕਿਲੋਮੀਟਰ ਚੌੜੀ ਬੈਲਟ ਪੰਜਾਬ ਦੇ ਹਿੱਸੇ ਆਈ ਤੇ ਕੰਢੀ ਦੇ ਨਾਂ ਨਾਲ ਜਾਣੀ ਗਈ। ਇੰਜ਼ ਇਸ ਬੈਲਟ ਨਾਲ ਮੁੱਖ ਤੌਰ ਤੇ ਊਨਾ, ਕਾਂਗੜਾ, ਇੰਦੋਰਾ, ਹਮੀਰਪੁਰ ਆਦਿ ਹਿਮਾਚਲੀ ਇਲਾਕੇ ਲੱਗਦੇ ਹਨ।

**ਕੰਢੀ ਖੇਤਰ ਦੀ ਪਛਾਣ** - 1. ਵਰਖਾ ਦੇ ਸਿਰ ’ਤੇ ਹੀ ਖੇਤੀ। 2. ਸਿਰਫ਼ ਕਣਕ ਤੇ ਮੱਕੀ ਪ੍ਰਮੁੱਖ ਫ਼ਸਲਾਂ। 3. ਜ਼ਮੀਨ ਹੇਠਲਾ ਪਾਣੀ 200 ਤੋਂ 250 ਫੁੱਟ ਹੇਠਾਂ। 4. ਜ਼ਮੀਨ ਪਹਾੜੀ, ਪਥਰੀਲੀ ਤੇ ਚੋਆਂ ਭਰਪੂਰ। 5. ਫ਼ਸਲਾਂ ਨੂੰ ਜੰਗਲੀ ਜਾਨਵਰਾਂ ਤੋਂ ਨੁਕਸਾਨ। 6. ਸੋਕੇ ਤੇ ਹੜ੍ਹ ਦੀ ਮਾਰ। 7. ਮੁੱਖ ਧੰਦਾ ਮਜ਼ਦੂਰੀ, ਛੋਟੀ ਕਿਸਾਨੀ ਤੇ ਫ਼ੌਜ ਵਿੱਚ ਭਰਤੀ। 8. ਆਰਥਕ ਤੌਰ ਤੇ ਪਛੜਿਆ। 9. ਪਹਾੜਾਂ ’ਤੇ ਕੀਮਤੀ ਲੱਕੜੀ ਅਤੇ ਦਵਾਈਆਂ ਵਾਲੇ ਪੌਦਿਆਂ ਦੇ ਜੰਗਲ। 10. ਪੀਣ ਵਾਲੇ ਪਾਣੀ ਦੀ ਬਹੁਤ ਘਾਟ। 11. ਧਾਰਮਿਕ ਅਤੇ ਅੰਧਵਿਸ਼ਵਾਸ਼ੀ ਲੋਕ। 12. ਸਾਖਰਤਾ ਦੀ ਦਰ ਘੱਟ। 13. ਪਹਾੜੀ ਬੋਲੀ ਅਤੇ ਸੱਭਿਆਚਾਰ। 14. ਵਧੇਰੇ ਮਿਹਨਤੀ ਲੋਕ। 15. ਵਾਤਾਵਰਣ ਵਿਚ ਹਰਿਆਵਲ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂੰ ਰੁੱਲ ਜਾਵੋਗੇ**

# ਇਕ ਦਾਨਵੀਰ ਦੀ ਬਾਤ

ਡਾ. ਮਨਮੋਹਨ ਸਿੰਘ ਉਦੋਂ ਰਾਜ ਸਭਾ ਵਿਚ ਵਿਰੋਧੀ ਧੜੇ ਦੇ ਲੀਡਰ ਸਨ ਜਦ ਉਨ੍ਹਾਂ ਭਾਈ ਵੀਰ ਸਿੰਘ ਸਾਹਿੱਤ ਸਦਨ ਦੀ ਪ੍ਰਧਾਨਗੀ ਸਵੀਕਾਰ ਕਰਨ ਤੇ ਬੇਨਤੀ ਪ੍ਰਵਾਨ ਕੀਤੀ। ਉਦੋਂ ਉਪਰੋਕਤ ਸਦਨ ਦੀ ਕਾਰਜ-ਕਾਰਣੀ ਸਭਾ ਵਿਚ ਕਈ ਉੱਚ-ਪੱਧਰੇ ਮਨੁੱਖ ਸਨ। ਉਨ੍ਹਾਂ ਵਿਚ ਸ. ਗੁਰਬਚਨ ਸਿੰਘ ਪੂਰਵ ਰਾਜਦੂਤ, ਡਾ. ਅਮਰੀਕ ਸਿੰਘ ਪੂਰਵ ਵਾਈਸ ਚਾਂਸਲਰ, ਭਾਈ ਮੋਹਨ ਸਿੰਘ ਇੰਡਸਟ੍ਰੀਅਲਿਸਟ, ਜਨਰਲ ਅਰੋੜਾ ਸਾਹਿਬ, ਜਨਰਲ ਜੋਗਿੰਦਰ ਸਿੰਘ ਆਦਿ ਸ਼ਾਮਿਲ ਸਨ। ਅਮਰੀਕਾ 'ਚੋਂ ਸਿੰਘ ਸਾਹਿਬ ਹਰਭਜਨ ਸਿੰਘ ਯੋਗੀ ਜੀ, ਡਾ. ਕਪਾਨੀ ਸਾਹਿਬ ਤੇ ਡਾ. ਅਮਰਜੀਤ ਸਿੰਘ ਮਰਵਾਹ ਉਚੇਚੇ ਮਹਿਮਾਨ ਹੋਇਆ ਕਰਦੇ ਸਨ। ਡਾ. ਮਨਮੋਹਨ ਸਿੰਘ ਹੋਰਾਂ ਮੈਨੂੰ ਸਦਨ ਦੀ ਆਨਰੇਰੀ ਜਨਰਲ ਸਕੱਤਰ ਦੀ ਸੇਵਾ ਦੇ ਦਿੱਤੀ।

ਤਦ ਸਾਨੂੰ ਪਤਾ ਚੱਲਿਆ ਕਿ ਸਦਨ ਨੇ ਪਿਛਲੇ ਸਾਲਾਂ ਵਿਚ ਪ੍ਰਾਪਰਟੀ ਟੈਕਸ ਅਦਾ ਨਹੀਂ ਕੀਤਾ ਤੇ ਉਹ ਰਕਮ 45 ਲੱਖ ਦੇ ਕਰੀਬ ਹੋ ਗਈ ਹੈ। ਡਾ. ਸਾਹਿਬ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬੁਲਾਈ ਤੇ ਉਸ ਵਿਚ ਕਿਹਾ ਕਿ ਟੈਕਸ ਨਾ ਦੇਣਾ ਗੁਨਾਹਗਾਰੀ ਤੋਂ ਘੱਟ ਨਹੀਂ ਹੈ ਤੇ ਮੈਂ ਇਸ ਗੁਨਾਹਗਾਰੀ ਦਾ ਭਾਗੀ ਨਹੀਂ ਬਨਣਾ ਚਾਹੁੰਦਾ। ਉਦੋਂ ਉਸ ਸਮੇਂ ਉਪਰੋਕਤ ਤਿੰਨੋਂ ਜਣੇ ਅਮਰੀਕਾ ਤੋਂ ਆਏ ਹੋਏ ਸਨ। ਉਨ੍ਹਾਂ ਆਸ਼ਵਾਸਨ ਦਿਵਾਇਆ ਕਿ ਇਹ ਕੋਈ ਵੱਡੀ ਰਕਮ ਨਹੀਂ ਜੇ ਇਕ ਗੇੜਾ ਅਮਰੀਕਾ ਦਾ ਮਾਰ ਦਿਓ ਤਾਂ ਇਸ ਤੋਂ ਵੱਧ ਉਗਰਾਹੀ ਕਰਵਾ ਦਿਆਂਗੇ।

ਕੁਝ ਦਿਨਾਂ ਬਾਅਦ ਮੈਂ ਡਾ. ਸਾਹਿਬ ਨੂੰ ਕਿਹਾ ਕਿ ਮੈਂ ਆਪਣੇ ਖਰਚ 'ਤੇ ਅਮਰੀਕਾ ਦਾ ਚੱਕਰ ਲਗਾ ਆਉਂਦਾ ਹਾਂ ਤੇ ਜੋ ਉਥੋਂ ਪ੍ਰਾਪਤ ਹੋਇਆ ਲੈਂਦਾ ਆਵਾਂਗਾ। ਡਾ. ਸਾਹਿਬ ਨੇ ਮੇਰੀ ਤਜਵੀਜ਼ ਨੂੰ ਸਰਾਹਿਆ ਤੇ ਸ਼ੁਭ-ਇੱਛਾਵਾਂ ਨਾਲ ਤੋਰਿਆ।

ਮੈਂ ਅਮਰੀਕਾ ਜਾ ਕੇ ਆਪਣੀ ਬੇਟੀ ਕੋਲ ਸੇਨ ਹੋਜ਼ੇ ਨਗਰ ਵਿਚ ਠਹਿਰਿਆ। ਸਭ ਤੋਂ ਪਹਿਲਾਂ ਉਥੋਂ ਪਾਲੋ ਆਲਟੋ ਵਿਖੇ ਡਾ. ਕਪਾਨੀ ਸਾਹਿਬ ਨੂੰ ਮਿਲਣ ਗਿਆ। ਉਨ੍ਹਾਂ ਬੜਾ ਵਧੀਆ ਖਾਣਾ ਖੁਆਇਆ, ਪਰ ਜਦ ਮੈਂ ਉਨ੍ਹਾਂ ਪਾਸ ਆਉਣ ਦਾ ਸਬੱਬ ਦੱਸਿਆ ਤਾਂ ਕਹਿਣ ਲੱਗੇ, "ਮੈਂ ਤਿੰਨ ਅਮਰੀਕੀ ਯੂਨੀਵਰਸਿਟੀਆਂ ਵਿਚ ਸਿੱਖੀ ਦੀ ਕੁਰਸੀ ਸਥਾਪਿਤ ਕਰਨ ਲਈ ਬਹੁਤ ਸਾਰੀ ਰਕਮ ਲਾ ਬੈਠਾ ਹਾਂ। ਐਤਕੀਂ ਤਾਂ ਸਦਨ ਦੀ ਮੱਦਦ ਕਰਨੀ ਮੁਸ਼ਕਲ ਹੈ। ਕੁਝ ਚਿਰ ਮਗਰੋਂ ਸ਼ਾਇਦ ਸੰਭਵ ਹੋ ਸਕੇ। ਮੈਂ ਮਾਯੂਸ ਤਾਂ ਹੋਇਆ, ਪਰ ਮੈਨੂੰ ਇਕ ਪੁਰਾਣੀ ਗੱਲ ਯਾਦ ਆ ਗਈ। ਕੋਇਟੇ ਸ਼ਹਿਰ ਵਿਚ ਸਿੰਘ ਸਭਾ ਵਾਲੇ ਸਾਲਾਨਾ ਦੀਵਾਨ ਕਰਵਾਇਆ ਕਰਦੇ ਸਨ। ਉਸ ਦੇ ਲਈ ਉਗਰਾਹੀ ਕਰਦੇ ਸਨ। ਗੁਰਦੁਆਰੇ ਵਿਚ ਅਪੀਲ ਕਰਦੇ ਤੇ ਲੋਕੀਂ ਨਕਦ ਦਿੰਦੇ ਜਾਂ ਇਕਰਾਰ ਕਰਦੇ ਤੇ ਸਕੱਤਰ ਸਾਹਿਬ ਐਲਾਨ ਕਰੀ ਜਾਂਦੇ, ਫਲਾਣੇ ਸਿੰਘ ਦੇ ਏਨੇ ਰੁਪਏ ਨਕਦ, ਜਾਂ ਏਨੇ ਰੁਪਏ ਇਕਰਾਰੀ। ਇਕ ਸਿੰਘ ਐਸੇ ਵੀ ਸਨ ਜੋ ਇਕਰਾਰ ਤਾਂ ਹਰ ਵਾਰ ਕਰ ਦਿੰਦੇ ਸਨ, ਪਰ ਪੂਰਾ ਨਹੀਂ ਸਨ ਕਰਦੇ। ਉਨ੍ਹਾਂ ਇਸ ਵਾਰ ਫੇਰ ਇਕ ਵੱਡੀ ਰਕਮ ਦਾ ਇਕਰਾਰ ਕਰ ਦਿੱਤਾ। ਸਕੱਤਰ ਸਾਹਿਬ ਉਨ੍ਹਾਂ ਦੀ ਰਕਮ ਦਾ ਐਲਾਨ ਕਰਨ ਲੱਗੇ ਤਾਂ ਸਹਿਵਨ ਹੀ ਉਨ੍ਹਾਂ ਦੇ ਮੂੰਹ 'ਚੋਂ ਇਕਰਾਰੀ ਦੀ ਥਾਂ 'ਇਨਕਾਰੀ' ਨਿਕਲ ਗਿਆ।

ਤਦ ਮੈਂ ਸੇਨ ਹੋਜ਼ੇ ਤੋਂ ਲਾਸ ਐਂਜਲਿਸ਼ ਬਾਕੀ ਦੇ ਦੋਹਾਂ ਸੱਜਣਾਂ ਨੂੰ ਮਿਲਣ ਚਲਾ ਗਿਆ। ਉਨ੍ਹਾਂ ਪਾਸੋਂ ਵੀ ਕੁਝ ਹਾਸਲ ਨਾ ਹੋਇਆ। ਤਦ ਮੈਂ ਘਰ ਆ ਕੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ! ਮੈਂ ਜਿਸ ਕੰਮ ਆਇਆ ਹਾਂ ਤੇਰਾ ਆਸਰਾ ਲੈ ਕੇ ਆਇਆ ਹਾਂ, ਮੈਨੂੰ ਅਸਫਲ ਕਿਵੇਂ ਮੋੜ ਦੇਵੇਂਗਾ ਮਾਲਕਾ?" ਤਦ ਮੈਂ ਪਰਤ ਕੇ ਸੇਨ ਹੋਜੇ ਆ ਗਿਆ ਕਿਉਂਕਿ ਮੇਰੇ ਦੋਹਤੇ ਦਾ ਜਨਮ ਦਿਨ ਸੀ ਤੇ ਮੇਰੀ ਬੇਟੀ ਨੇ ਘਰ ਕੀਰਤਨ ਕਰਵਾਉਣਾ ਸੀ।

ਮੈਂ ਆਇਆ ਤੇ ਮੇਰੀ ਬੇਟੀ ਨੇ ਕਿਹਾ, "ਕੀਰਤਨ ਤੋਂ ਬਾਅਦ ਪੰਜ-ਦੱਸ ਮਿੰਟ ਤੁਸੀਂ ਵੀ ਬੋਲ ਦੇਣਾ।" ਮੈਂ ਕਿਹਾ, "ਖੁਸ਼ੀ ਨਾਲ! ਜ਼ਰੂਰ ਬੋਲਾਂਗਾ।"

ਕੀਰਤਨ ਹੋਇਆ। ਕੀਰਤਨੀ ਸਿੰਘਾਂ ਨੇ ਪਹਿਲਾਂ ਸ਼ਬਦ ਲਾਇਆ "ਸਾਚੇ ਸਾਹਿਬਾ ਕਿਆ ਨਾਹੀ ਘਰ ਤੇਰੈ", ਦੂਜਾ ਸ਼ਬਦ ਲਾਇਆ "ਮੇਰੀ ਇਛ ਪੁੰਨੀ।" ਤੀਜਾ ਸ਼ਬਦ ਲਾਇਆ "ਆਉਸਰ ਲੱਜਾ ਰਾਖਿ ਲੇਹੁ ਸਧਨਾ ਜਨੁ ਤੇਰਾ।" ਮੈਨੂੰ ਲੱਗਾ, ਗੁਰੂ ਜੀ ਮੇਰੀ ਅਰਦਾਸ ਪੂਰੀ ਕਰਨ ਦਾ ਆਸ਼ਵਾਸਨ ਦਿਵਾ ਰਹੇ ਹਨ।

ਫਿਰ ਮੈਨੂੰ ਦੱਸ ਮਿੰਟ ਬੋਲਣ ਦਾ ਆਦੇਸ਼ ਹੋਇਆ। ਪਤਾ ਨਹੀਂ ਮੇਰੇ ਤੇ ਕੀ ਅਸਰ ਹੋਇਆ ਸੀ, ਮੈਂ ਸਤਿਗੁਰੂ ਦੀ ਮਿਹਰ ਬਾਰੇ ਹੀ ਬੋਲਿਆ।

ਭੋਗ ਪਿਆ ਤੇ ਇਕ ਗੁਰਮੁਖ ਸੱਜਣ ਡਾ. ਇੰਦਰ ਮੋਹਨ ਸਿੰਘ ਜੀ ਪ੍ਰਧਾਨ ਚੜ੍ਹਦੀ ਕਲਾ ਸੰਸਥਾ ਮੇਰੇ ਪਾਸ ਆਏ ਤੇ ਪੁੱਛਣ ਲੱਗੇ, "ਡਾ. ਸਾਹਿਬ, ਤੁਸੀਂ ਏਥੇ ਕੇਵਲ ਬੱਚਿਆਂ ਨੂੰ ਮਿਲਣ ਹੀ ਆਏ ਹੋ ਕਿ ਹੋਰ ਕਿਸੇ ਕੰਮ ਵੀ ਆਏ ਹੋ?" ਮੈਂ ਉਨ੍ਹਾਂ ਨੂੰ ਅਮਰੀਕਾ ਆਉਣ ਦਾ ਅਸਲ ਕਾਰਨ ਦੱਸਿਆ। ਉਨ੍ਹਾਂ ਪੁੱਛਿਆ, "ਟੈਕਸ ਤਾਰਨ ਵਾਸਤੇ ਕਿੰਨੀ ਰਕਮ ਚਾਹੀਦੀ ਹੈ।" ਮੈਂ ਦੱਸਿਆ, "ਕੋਈ 45 ਕੁ ਲੱਖ ਰੁਪਏ।" ਤਦ ਉਨ੍ਹਾਂ ਆਪਣੀ ਜੇਬ ਵਿਚੋਂ ਚੈਕ ਬੁੱਕ ਕੱਢ ਕੇ ਇਕ ਲੱਖ ਡਾਲਰ ਦਾ ਚੈਕ ਕੱਟ ਕੇ ਮੈਨੂੰ ਦੇ ਦਿੱਤਾ। ਇਕ ਪਾਸੇ ਤਾਂ ਮੇਰੇ ਮਨ ਵਿਚ ਖਿਆਲ ਆਇਆ ਕਿ ਵਾਹਿਗੁਰੂ ਨੇ ਮੇਰੀ ਅਰਦਾਸ ਸੁਣ ਲਈ ਹੈ। ਦੂਜੇ ਪਾਸੇ ਇਹ ਖਿਆਲ ਆਇਆ ਕਿ ਜਦ ਤੱਕ ਐਸੇ ਦਾਨੀ ਵੀਰ ਕੌਮ ਵਿਚ ਮੌਜੂਦ ਹਨ, ਕੌਮ ਚੜ੍ਹਦੀਆਂ ਕਲਾ ਵਿਚ ਹੀ ਜਾਵੇਗੀ।

# ਪ੍ਰਦੂਸ਼ਿਤ ਹਵਾ

**ਨਰੰਜਨ ਸਿੰਘ ਵਿਰਕ**



ਬਠਿੰਡੇ ਦਾ ਅਰਬਪਤੀ ਚੌਧਰੀ ਪਸ਼ੂਪਤੀਨਾਥ ਸਿੰਘ ਸਵੇਰੇ-ਸਵੇਰੇ ਉਸਦਾ ਮੁੰਡਾ ਹੋਊ ਪੰਜ ਛੇ ਸਾਲ ਦਾ ਕਹਿੰਦਾ "ਪਾਪਾ! ਮੈਨੂੰ ਤਾਂ ਸਾਹ ਨਹੀਂ ਆਉਂਦਾ।"

ਅਰਬਪਤੀ ਦਾ ਮੁੰਡਾ ਹੋਵੇ - ਕਹੇ ਕਿ ਸਾਹ ਨਹੀਂ ਆਉਂਦਾ ਠੀਕ ਜਾ ਨਹੀਂ ਲਗਦਾ। ਖ਼ੈਰ ਚੌਧਰੀ ਸਾਹਿਬ ਨੇ ਬਠਿੰਡੇ ਦੇ ਚੰਗੇ-ਚੰਗੇ ਡਾਕਟਰ ਬੁਲਾ ਭੇਜੇ। ਉਨ੍ਹਾਂ ਨੇ ਸ਼ਾਂਤਮਈ ਢੰਗ ਨਾਲ ਮੁੰਡੇ ਨੂੰ ਚੈਕ ਕੀਤਾ ਤੇ ਕਿਹਾ ਇਸ ਨੂੰ ਸਾਹ ਦੀ ਬਿਮਾਰੀ ਹੈ। ਬਠਿੰਡੇ ਇਸ ਦਾ ਇਲਾਜ ਨਹੀਂ, ਇਸ ਨੂੰ ਚੰਡੀਗੜ੍ਹ ਪੀ.ਜੀ.ਆਈ. ਲੈ ਜਾਉ। ਅਰਬਪਤੀ ਦੇ ਦੋਸਤ ਵੀ ਬਥੇਰੇ ਹੁੰਦੇ ਹਨ ਸਾਰੇ ਇਕੱਠੇ ਹੋ ਗਏ। ਇਕ ਦੋਸਤ ਦੀ ਸਲਾਹ ਨਾਲ ਵੱਡੀ ਕਾਰ ਦਾ ਇੰਤਜ਼ਾਮ ਕੀਤਾ ਗਿਆ-ਚੰਡੀਗੜ੍ਹ ਵੱਲ ਚਾਲੇ ਪਾਤੇ। ਰਸਤੇ ਵਿਚ ਟ੍ਰੈਫਿਕ ਜਾਮ-ਪਟਿਆਲੇ ਪਹੁੰਚਣ ਤੇ 5 ਘੰਟੇ ਲੱਗ ਗਏ। ਨਾਲ ਆਏ ਡਾਕਟਰ ਨੇ ਸਲਾਹ ਦਿੱਤੀ ਕਿ ਪਟਿਆਲੇ ਵੀ ਬਹੁਤ ਵਧੀਆ ਹਸਪਤਾਲ ਹੈ, ਕਾਕੇ ਦਾ ਸਾਹ ਰੁਕ ਰਿਹਾ ਹੈ। ਆਪਾਂ ਇੱਥੇ ਹਸਪਤਾਲ ਵਿਚ ਜਾ ਕੇ ਦਿਖਾ ਲਈਏ। ਪਟਿਆਲੇ ਹਸਪਤਾਲ ਨੂੰ ਗੱਡੀ ਮੋੜ ਲਈ-ਉਥੇ ਵੀ ਡਾਕਟਰਾਂ ਨੇ ਚੈਕ ਕੀਤਾ ਤੇ ਉਨ੍ਹਾਂ ਫੁਰਮਾਨ ਕਿ ਚੰਡੀਗੜ੍ਹ ਪੀ.ਜੀ.ਆਈ. ਲੈ ਜਾਓ, ਉਥੇ ਇਸ ਦਾ ਸਹੀ ਇਲਾਜ ਹੋਵੇਗਾ। ਫਿਰ ਚੰਡੀਗੜ੍ਹ ਵੱਲ ਚਾਲੇ ਪਾਤੇ। ਜ਼ੀਰਕਪੁਰ ਪਹੁੰਚਣ ਤੇ 5 ਘੰਟੇ ਹੋਰ ਲੱਗ ਗਏ। ਕਾਕੇ ਦਾ ਸਾਹ ਰੁਕਣ ਲੱਗ ਪਿਆ। ਚੰਡੀਗੜ੍ਹ ਵੜਦੇ ਹੀ ਕਾਕੇ ਦਾ ਸਾਹ ਬੰਦ ਹੋ ਗਿਆ-ਕੁਰਲਾਹਟ ਪੈ ਗਈ। ਸਾਰੇ ਰੋਣ ਲੱਗ ਪਏ-ਕਿਸੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਕੀ ਹੋ ਗਿਆ। ਇਕ ਦੋਸਤ ਨੇ ਰੋਂਦੇ ਹੋਏ ਕਿਹਾ ਕਿ ਬਾਈ ਜੀ! ਜੋ ਭਾਣਾ ਬੀਤਣਾ ਸੀ ਉਹ ਤਾਂ ਬੀਤ ਗਿਆ। ਆਪਾਂ ਚੈਕ ਕਰਵਾਈਏ ਕਿ ਕੱਲ ਕਾਕਾ ਸਕੂਲ ਗਿਆ ਤੇ ਅੱਜ ਸਾਹ ਪੂਰੇ ਹੋ ਗਏ-ਇਸ ਦਾ ਕੀ ਕਾਰਨ ਹੈ? ਦੋਸਤ ਦੀ ਸਲਾਹ ਅਨੁਸਾਰ ਕਾਕੇ ਦੀ Autopsi ਕੀਤੀ ਗਈ - ਕਾਕੇ ਦੇ ਦੋਨੋ ਫੇਫੜੇ ਕਾਲੇ।

ਕਾਕੇ ਦੀ ਸੋਗਮਈ ਭੋਗ ਤੇ ਸੰਤ ਈਸ਼ਰ ਸਿੰਘ ਬੋਲ ਰਹੇ ਸਨ "ਬੜੀ ਹੀ ਦੁੱਖ ਦੀ ਗੱਲ ਹੈ ਕਿ ਚੌਧਰੀ ਸਾਹਿਬ ਦਾ ਇਕਲੌਤਾ ਬੇਟਾ ਅਚਾਣਚਕ ਇਕ ਦਿਨ ਬਿਮਾਰ ਰਹਿ ਕੇ ਰੱਬ ਨੂੰ ਪਿਆਰਾ ਹੋ ਗਿਆ। ਇਸ ਤੋਂ ਜ਼ਿਆਦਾ ਦੁੱਖ ਭਰੀ ਖ਼ਬਰ ਨਹੀਂ ਹੋ ਸਕਦੀ। ਜਿਸ ਹਿਸਾਬ ਨਾਲ ਟ੍ਰੈਫਿਕ ਵੱਧ ਰਿਹਾ ਹੈ ਅੱਜ ਤੋਂ 10 ਸਾਲ ਪਹਿਲਾਂ ਕੀ ਸੀ ਕੁਝ ਵੀ ਨਹੀਂ ਸੀ। ਅੱਜ ਕੀ ਹੈ ਰੱਬ ਹੀ ਰਾਖਾ! ਅੱਜ ਤੋਂ ਦੱਸਾਂ ਸਾਲਾਂ ਤੱਕ ਇਸ ਰਫ਼ਤਾਰ ਨਾਲ ਟ੍ਰੈਫਿਕ ਪ੍ਰਦੂਸ਼ਿਤ ਹਵਾ ਵਧਦੀ ਗਈ ਤਾਂ ਹੋ ਸਕਦਾ ਹੈ ਕਿ ਆਪਾਂ ਇਥੇ ਜੀਵਤ ਨਾ ਰਹਿ ਸਕੀਏ ਕਿਉਂਕਿ ਸਾਫ਼ ਸਵੱਛ ਹਵਾ ਤਾਂ ਹਰ ਜੀਵ ਜੰਤੂ ਦੇ ਜੀਵਨ ਦਾ ਆਧਾਰ ਹੈ। ਇਸ ਸਮੱਸਿਆ ਦਾ ਹੱਲ ਹੈ ਕਿ ਆਪਾਂ ਦਰੱਖ਼ਤ ਲਗਾਈਏ। ਜੇ ਆਪਾਂ ਚਾਹੁੰਦੇ ਹਾਂ ਚੌਧਰੀ ਵਾਂਗ ਆਪਣੇ 'ਤੇ ਇਸ ਤਰ੍ਹਾਂ ਦਾ ਬੁਰਾ ਵਕਤ ਨਾ ਆਵੇ ਤਾਂ ਹਰ ਇੱਕ ਪ੍ਰਾਣੀ ਨੂੰ ਚਾਹੀਦਾ ਹੈ ਕਿ ਹਰ ਸਾਲ ਪੰਜ-ਪੰਜ ਬੂਟੇ ਲਾਵੇ। ਚੰਗੇ ਕੰਮ ਕਰਨ ਤੇ ਸਭ ਨੂੰ ਵਧਾਈ।"

**595, ਫੇਜ਼-3ਏ, ਮੋਹਾਲੀ**

**ਮੋ. 98037-44401**



# ਜਿਹੋ ਜੇਹੀ ਕੋਕੋ ਓਹੋ ਜਿਹੇ ਬੱਚੇ

ਲਾਭ ਸਿੰਘ ਸੰਧੂ

''ਯਾਰ ਘੀਲਿਆ ! ਮੈਨੂੰ ਇੱਕ ਗੱਲ ਸਮਝਾ, ਬਈ ਅੱਜ ਕੱਲ੍ਹ ਦਾ ਛੋਕਰਵਾਧਾ ਕਿਸੇ ਦੀ ਗੱਲ ਸੁਣਦਾ ਕਿਉਂ ਨੀ, ਆਥਣ ਵੇਲੇ ਜ਼ੋਰ ਲਾ-ਲਾ ਮਰ ਜਾਈਦੈ, ਬਈ ਪਸ਼ੂਆਂ ਨੂੰ ਅੰਦਰ ਕਰ ਦਿਓ, ਪਰ ਆਹ ਟੀ.ਵੀ. ਜੇ ਕੋਲੋਂ ਈ ਨੀ ਉੱਠਦੇ, ਸੱਚੀ ਗੱਲ ਐ ਬਈ ਓਹਦੇ 'ਚ ਸਾਰਾ ਕੰਜਰਾਂ ਆਲਾ ਕੰਮ ਈ ਹੁੰਦੈ !'' ਬਚਿੱਤਰ ਨੇ ਦੁਖੀ ਆਵਾਜ਼ 'ਚ ਕਿਹਾ।

''ਓਏ ਬਿੰਬਰਾ ! ਏਨੀ ਚਿੰਤਾ ਨੀ ਕਰੀਦੀ, ਇਹ ਉਮਰਾ ਈ ਏਹੋ-ਜੇਹੀ ਹੁੰਦੀ ਐ, ਜੁਆਨੀ 'ਚ ਤਾਂ ਕੰਜਰਾਂ ਆਲੇ ਕੰਮ ਈ ਚੰਗੇ ਲਗਦੇ ਐ, ਏਹ ਤਾਂ ਬੁੱਢੇ ਵਾਰੇ ਈ ਸਮਝ ਆਉਂਦੀ ਐ। ਓਹ ਜੁਆਨੀ ਕਾਹਦੀ ਹੋਈ ਜੀਹਨੇ ਜੱਗੋਂ ਤੇਰਵੀਂ ਨਾ ਕੀਤੀ, ਹੁਣ ਤੂੰ ਦੱਸ ਬਈ ਆਪ ਬੂਟੇ ਦਾ ਜਲਸਾ ਵੇਖਣ ਦਸਾਂ ਕੋਹਾਂ ਤੱਕ ਨੀ ਜਾਂਦਾ ਹੁੰਦਾ ਸੀ, ਤਾਇਆ ਕਿੰਨੀਆਂ ਗਾਲ੍ਹਾਂ ਕੱਢਦਾ ਹੁੰਦਾ ਸੀ ਆਪਾਂ ਨੂੰ ਬਈ 'ਇਹ ਤਾਂ ਕੰਜਰਾਂ ਸੰਗ ਰਲਣਗੇ, ਇਨ੍ਹਾਂ ਦੇ ਵਸਣ ਦੇ ਚਾਲੇ ਨੀ।' ਤੇ ਆਪਾਂ ਕਦੇ ਪਰਵਾਹ ਕੀਤੀ ਸੀ, ਬੱਸ ਪਤਾ ਲੱਗ ਜਾਂਦਾ ਤਾਂ ਵਾੜੇ 'ਚੋਂ ਚੋਰੀ ਖਿੜਕ ਖੋਹਲ ਕੇ ਤੁਰ ਜਾਂਦੇ ਸੀ। ਇਹ ਦਿਨ ਤਾਂ ਭਰਾਵਾ ਗਧੇ ਦੇ ਬੱਚੇ ਤੇ ਵੀ ਆ ਜਾਂਦੇ ਐ ਭਾਵੇਂ ਢਾਈ ਦਿਨ ਈ ਹੋਣ।' ਘੀਲੇ ਨੇ ਆਵਦੀ ਜੁਆਨੀ ਦੇ ਕਾਰੇ ਗਿਣਾਏ।

''ਓਏ ਯਾਰ ! ਗੱਲ ਤਾਂ ਘੀਲਾ ਠੀਕ ਆਂਹਦੈ, ਆਪਣੇ ਲੱਛਣ ਤਾਂ ਅੱਜ ਕੱਲ ਦੇ ਛੋਹਰਾਂ ਤੋਂ ਵੀ ਭੈੜੇ ਸੀ, ਤੈਨੂੰ ਚੇਤੇ ਐ ਜਦੋਂ ਮਗੂਣੇ ਦੇ ਮੇਲੇ ਤੇ ਖੁਰੇ ਨਚਾਉਣ ਪਿੱਛੇ ਈ ਲੜਾਈ ਮੁੱਲ ਲੈ ਲਈ ਸੀ, ਖਾਹਮਖਾਹ ਪੰਗਾ ਲੈ ਕੇ ਚਾਰ ਦਿਨ ਠਾਣੇ ਰਹੇ ਸੀ, ਇਹ ਛੋਹਰ ਵੀ ਆਪਣੀ ਈ ਔਲਾਦ ਐ, ਕਹਿੰਦੇ ਨੀ ਹੁੰਦੇ 'ਜਿਹੋ ਜੇਹੀ ਕੋਕੋ ਓਹੋ ਜਿਹੇ ਬੱਚੇ' ਸ਼ੁਕਰ ਕਰ ਇਹ ਅਜੇ ਮਾੜੀ ਮੋਟੀ ਪੜ੍ਹਾਈ ਤਾਂ ਕਰੀ ਜਾਂਦੇ ਐ, ਆਪਾਂ ਤਾਂ ਸਕੂਲ ਦੇ ਨਾਂ ਤੋਂ ਡੋਬ ਪਾ ਬਹਿੰਦੇ ਸੀ।'' ਬੰਤੇ ਨੇ ਵੀ ਘੀਲੇ ਦੀ ਹਾਮੀ ਭਰੀ।

''ਓਏ ਤੁਸੀਂ ਪੁੱਠੇ ਪਾਸੇ ਲੈ ਗੇ ਗੱਲ ਨੂੰ, ਜੇ ਆਪਾਂ ਐਹੋ ਜਿਹੇ ਪੁੱਠੇ-ਪੰਗੇ ਲੈਂਦੇ ਸੀ ਤਾਂ ਕਿਹੜੇ ਡੀ.ਸੀ. ਲੱਗਗੇ, ਆਹ ਵੇਖ ਲਾ ਕੋਠੀਆਲੀਏ ਸਰਦਾਰਾਂ ਦੇ ਮੁੰਡੇ ਪੜ੍ਹਾਈ 'ਚ ਚੰਗੇ ਸੀ, ਕਿੱਥੋਂ ਦੇ ਕਿੱਥੇ ਪਹੁੰਚਗੇ ਤੇ ਮ੍ਰਾਤੜ ਖੁੰਢਾਂ ਤੇ ਮੁਕੇ ਘਸਾਉਣ ਜੋਗੇ ਰਹਿਗੇ, ਨਾਲੇ ਆਪਾਂ ਕੰਜਰਪੁਣੇ ਨੂੰ ਘਰਾਂ ਤੋਂ ਬਾਹਰ ਰੱਖਦੇ ਸੀ, ਘਰੇ ਤਾਂ ਬੰਦੇ ਬਣ ਕੇ ਰਹਿੰਦੇ ਸੀ ਤੇ ਏਥੇ ਅੱਜ ਕੱਲ ਟੀ.ਵੀ. ਨੇ ਘਰੇ ਈ ਜਲਸਾ ਲਾ ਤਾ, ਨਾ ਕੁੜੀ ਬੁੜ੍ਹੀ ਦੀ ਸ਼ਰਮ ਨਾ ਧੀ-ਭੈਣ ਦੀ।'' ਬਚਿੱਤਰ ਨੇ ਫੇਰ ਆਵਦਾ ਦੁੱਖ ਦੱਸਿਆ।

''ਏਹ ਤਾਂ ਵੀਰ ਸਮੇਂ ਦਾ ਫਰਕ ਐ, ਆਪਣੇ ਵੇਲੇ ਜਿਹੜੇ ਵੈਲਪੁਣੇ ਹੁੰਦੇ ਸੀ, ਆਪਾਂ ਕਰਲੇ, ਹੁਣ ਨਵੇਂ ਪੋਚ ਦੇ ਆਵਦੇ ਵੈਲਪੁਣੇ ਐ, ਏਹ ਕਰੀ ਜਾਂਦੇ ਐ, ਬਾਕੀ ਰਹੀ ਸਰਦਾਰਾਂ ਦੀ ਤੇ ਆਪਣੀ ਕਾਹਦੀ ਰੀਸ ਐ, ਹੁਣ ਜੇ ਤੂੰ ਆਖੇਂ ਬਈ ਛਿੰਦੇ ਨੂੰ ਸਿੱਧਾ ਡੀ.ਸੀ. ਲੁਆਦੂੰ ਤਾਂ ਫੇਰ ਤੇਰੇ ਅਰਗਾ ਮੂਰਖ ਕਿਹੜਾ ਹੋਊ। ਡੀ.ਸੀ. ਕੱਲੀਆਂ ਪੜ੍ਹਾਈ ਨਾਲ ਨੀ ਬਣਦੇ, ਹੋਰ ਵੀ ਸੌ ਕੁਛ ਕਰਨਾ ਪੈਂਦੈ, ਨਹੀਂ ਤਾਂ ਆਪਣੇ ਪਿੰਡ ਦੇ ਕਈ ਮੁੰਡੇ ਬਥੇਰਾ ਪੜ੍ਹੇ ਐ, ਸਾਰੇ ਡੀ.ਸੀ. ਨਾ ਲੱਗ ਜਾਂਦੇ।'' ਘੀਲੇ ਨੇ ਸਚਾਈ ਬਿਆਨ ਕੀਤੀ।

''ਓਏ ਬਾਈ ਸਿਆਂ ਡੀ.ਸੀ. ਲੱਗਣ ਆਲੇ ਸਕੂਲ ਈ ਹੋਰ ਐ, ਏਥੇ ਆਪਣੇ ਪਿੰਡ ਆਲੇ ਸਕੂਲਾਂ 'ਚ ਪੜ੍ਹਕੇ ਡੀ.ਸੀ. ਨੀ ਕੋਈ ਬਣਦਾ। ਇਹ ਤਾਂ ਘਰ ਦੇ ਕੰਮ ਤੋਂ ਵੀ ਗਲ ਜਾਂਦੇ ਐ, ਨਾਲੇ ਆਪਣੇ ਵੇਲੇ ਆਪਾਂ ਨਾ ਪੜ੍ਹਦੇ ਹੋਰ ਗੱਲ ਸੀ, ਘਰ ਦੇ ਨਾ ਪੜ੍ਹੌਂਦੇ, ਓਹ ਵੀ ਵੱਖਰੀ ਗੱਲ ਸੀ, ਪਰ ਮਾਸਟਰ ਤਾਂ ਆਵਦਾ ਸਾਰਾ ਜ਼ੋਰ ਲਾ ਦਿੰਦੇ ਸੀ। ਹੁਣ ਤਾਂ ਮਾਸਟਰ ਨੇ ਤਾਂ ਆਵਦਾ ਕੋਈ ਹੋਰ ਈ ਕਿੱਤਾ ਵਿੱਢਿਆ ਹੁੰਦੈ ਤੇ ਜੁਆਕ ਆਪਸ 'ਚ ਡਾਂਗ ਸੋਟੀ ਹੋਈ ਜਾਂਦੇ ਐ, ਨਾਲੇ ਬਾਈ ਓਦੋਂ ਹਰੇਕ ਈ ਮੂੰਹ ਚੱਕ ਸਕੂਲ ਨੀ ਤੁਰ ਪੈਂਦਾ ਸੀ। ਹੁਣ ਤਾਂ ਕਹਿੰਦੇ ਐ ਬਈ ਸਰਕਾਰ ਦੀ ਚਿੱਠੀ ਆਈ ਵੀ ਐ ਬਈ ਹਰੇਕ ਜੁਆਕ ਨੂੰ ਸਕੂਲ ਦਾਖਲ ਕਰਾਓ, ਭਾਵੇਂ ਕੋਈ ਪੜ੍ਹਨਾ ਚਾਹਵੇ ਜਾਂ ਨਾ, ਤਾਹੀਏਂ ਤਾਂ ਸਾਰਾ ਲਗੌਂੜ ਵਾਧਾ ਸਕੂਲਾਂ 'ਚ ਖੜਮਸਤੀਆਂ ਕਰਦਾ ਫਿਰਦੈ।'' ਬੰਤੇ ਨੇ ਸਾਰਿਆਂ ਲਈ ਵਿੱਦਿਆ ਪਾਲਸੀ ਦੇ ਪਰਖੱਚੇ ਉਡਾਏ।

''ਨਾ ਭਲਾ ਸਰਕਾਰ ਕੀ ਮਾੜਾ ਕਰਦੀ ਐ, ਜੇਕਰ ਲੋਕ ਚਾਰ ਅੱਖਰ ਪੜ੍ਹ ਜਾਣਗੇ ਮਾੜਾ ਕੰਮ ਤਾਂ ਨੀ।'' ਦੁੱਲੋ ਨੇ ਕਾਫੀ ਦੇਰ ਚੁੱਪ ਰਹਿਣ ਪਿੱਛੋਂ ਉੱਚੀ ਆਵਾਜ਼ 'ਚ ਗੱਲ ਕੀਤੀ। ''ਓਏ ਮਾੜਾ ਕੰਮ ਤਾਂ ਨੀ ਦੁੱਲਿਆ, ਅਸੀਂ ਕਿਹੜਾ ਮਾੜਾ ਕਹਿੰਨੇ ਐ, ਪਰ ਛੀ ਛੀ ਆਖੇ ਪਾਣੀ ਕੋਈ ਨੀ ਪੀਂਦਾ। ਜੀਹਨੂੰ ਪੜ੍ਹਾਈ ਦਾ ਚਸਕਾ ਈ ਹੈ ਨੀ ਉਹ ਮੱਲੋ ਮੱਲੀ ਕਿਵੇਂ ਪੜੂ।'' ਬੰਤੇ ਨੇ ਆਵਦੀ ਦਲੀਲ ਨੂੰ ਹੋਰ ਵਜ਼ਨਦਾਰ ਬਣਾਉਂਦਿਆਂ ਕਿਹਾ।

''ਪੜ੍ਹਾਈ ਕੀ ਤੇ ਨਾ ਪੜ੍ਹਾਈ ਕੀ? ਆਪਾਂ ਚਾਰ ਚਾਰ ਪੜ੍ਹੇ ਵੇ ਅੱਜ ਕੱਲ ਦੇ ਦਸ ਪੜ੍ਹਿਆਂ ਤੋਂ ਜਾਦੇ ਜਾਣਦੇ ਐਂ। ਹੁਣ ਤਾਂ ਬਾਈ ਸਿਆਂ ਨਾ ਜੁਆਕਾਂ ਦੀ ਪੜ੍ਹਾਈ ਆਲੀ ਦਿਲਚਸਪੀ ਐ, ਨਾ ਮਾਸਟਰਾਂ ਨੂੰ ਸ਼ੌਂਕ ਐ ਤੇ ਅਫਸਰਾਂ ਦੇ ਜੁਆਕ ਤਾਂ ਪੜ੍ਹਦੇ ਈ ਅੰਗਰੇਜ਼ੀ ਸਕੂਲਾਂ 'ਚ ਐ, ਉਹਨਾਂ ਨੂੰ ਕੀ ਲੋੜ ਐ ਦੇਸੀ ਸਕੂਲਾਂ ਦਾ ਖਿਆਲ ਕਰਨ ਦਾ।'' ਬਚਿੱਤਰ ਬੋਲਿਆ।

''ਤੂੰ ਕੱਲੇ ਅਫਸਰਾਂ ਦੀ ਕੀ ਗੱਲ ਕਰਦੈਂ, ਮਾਹਟਰਾਂ ਦੇ ਜੁਆਕ ਕਿਹੜਾ ਦੇਸੀ ਸਕੂਲਾਂ 'ਚ ਪੜ੍ਹਦੇ ਐ। ਓਏ ਜੇ ਆਵਦੇ ਏਥੇ ਪੜ੍ਹਦੇ ਹੋਣ ਤਾਂ ਮਾੜਾ-ਮੋਟਾ ਸੇਕ ਲੱਗੇ, ਇਹ ਤਾਂ ਸਾਰੇ ਮੁਲਾਜ਼ਮ ਈ ਹੁਣ ਅੰਗਰੇਜ਼ੀ ਸਕੂਲ 'ਚ ਪੜ੍ਹਾਉਂਦੇ ਐ ਤੇ ਇਹਨਾਂ ਦੇਸੀ ਸਕੂਲਾਂ 'ਚ ਤਾਂ ਮ੍ਰਾਤੜਾਂ-ਤਮ੍ਰਾਤੜਾਂ ਦੇ ਛਿੰਦੇ-ਮਿੰਦੋ ਈ ਪੜ੍ਹਦੇ ਐ, ਤਾਂ ਹੀ ਤਾਂ ਕੋਈ ਸਾਰ ਨੀ ਲੈਂਦਾ।'' ਬੰਤੇ ਨੇ ਦੇਸੀ ਸਕੂਲਾਂ ਦੀ ਮਾੜੀ ਹਾਲਤ ਦਾ ਵਿਸ਼ਲੇਸ਼ਣ ਕੀਤਾ।

''ਚੱਲੋ ਹੁਣ ਬਥੇਰਾ ਚਿਰ ਹੋ ਗਿਆ ਏਥੇ ਜਾਬ੍ਹਾਂ ਦਾ ਭੇੜ ਕਰਦਿਆਂ ਨੂੰ, ਆਪਣੇ ਪਿੰਡ ਆਲਾ ਲਾਲੂ ਬਾਬਾ ਚਲਾਣਾ ਕਰ ਗਿਆ। ਓਹਦੇ ਈ ਬੈਠ ਆਈਏ।'' ਘੀਲੇ ਦੇ ਏਨਾ ਕਹਿਣ ਤੇ 'ਚਲੋ ਚਲੋ' ਕਰਕੇ ਸਾਰੀ ਖੁੰਢ ਪੰਚੈਤ ਤੁਰ ਪਈ।

# ਸਾਡੇ ਸਮਾਜ ਵਿਚ ਨੂੰਹ ਅਤੇ ਸੱਸ ਦੇ ਰਿਸ਼ਤੇ ਦੀ ਅਹਿਮੀਅਤ

ਮਤਵਿੰਦਰ ਸਿੰਘ ਗਰੇਵਾਲ, ਸਾਊਥਾਲ, ਲੰਡਨ

"ਇਨਸਾਨ ਲਈ ਹਰ ਨਵਾਂ ਦਿਨ ਨਵਾਂ ਸੂਰਜ ਇਕ ਨਵਾਂ ਸਵਾਲ ਲੈ ਕੇ ਆਉਂਦਾ ਹੈ। ਜਿਸ ਨੂੰ ਸ਼ਾਂਤ-ਚਿੱਤ ਰਹਿ ਕੇ ਸਮਝਣ ਅਤੇ ਸਿੱਖਣ ਦੀ ਲੋੜ ਹੁੰਦੀ ਹੈ। ਜੋ ਵੀ ਇਨਸਾਨ ਜਨਮ ਲੈਂਦਾ ਹੈ ਉਸ ਦਾ ਗਲਤੀ ਕਰਨਾ ਕੁਦਰਤੀ ਗੱਲ ਹੈ। ਜੇਕਰ ਉਹ ਗਲਤੀ ਨਹੀਂ ਕਰਦਾ ਉਹ ਇਨਸਾਨ ਭਗਵਾਨ ਹੈ। ਦੂਸਰੇ ਨੂੰ ਮੁਆਫ ਕਰ ਦੇਣਾ ਵੀ ਇਕ ਵੱਡੀ ਜਿੱਤ ਸਮਝਦੀ ਗਈ ਹੈ। ਹਰ ਸਿਆਣੇ ਬੰਦੇ ਦੀ ਸਿੱਖਿਆ ਉਸ ਦੀ ਜ਼ਿੰਦਗੀ ਦੇ ਕੌੜੇ ਮਿੱਠੇ ਤਜ਼ਰਬਿਆਂ ਦਾ ਫਲ ਜਾਂ ਨਤੀਜਾ ਹੁੰਦੀ ਹੈ। ਅੱਜ ਦਾ ਯੁੱਗ ਮੀਡੀਏ ਦਾ ਯੁੱਗ ਹੈ। ਹਰ ਬਣਦੇ ਰਿਸ਼ਤੇ ਨੂੰ ਸਮਝਣ ਦੀ ਲੋੜ ਹੁੰਦੀ ਹੈ। ਰਿਸ਼ਤਾ ਕੋਈ ਗਲਤ ਨਹੀਂ ਹੁੰਦਾ। ਅਸੀਂ ਹੀ ਇਸ ਨੂੰ ਗਲਤ ਰੂਪ ਦਿੰਦੇ ਹਾਂ। ਹਰ ਰਿਸ਼ਤੇ ਨੂੰ ਸਮਝ ਕੇ ਜ਼ਿੰਮੇਵਾਰੀ ਨਾਲ ਕੁੜੱਤਣ ਨੂੰ ਦੂਰ ਕਰਨ ਦੀ ਜ਼ਰੂਰਤ ਹੈ।"



ਕਈ ਵਾਰ ਸੁੱਤੇ ਸਿੱਧ ਹੀ ਆਪਣੇ ਵਿਰਸੇ ਬਾਰੇ ਪੰਜਾਬ ਦੇ ਕਲਚਰ ਬਾਰੇ ਸੋਚਾਂ ਘੇਰਾ ਘੱਤ ਲੈਂਦੀਆਂ ਹਨ। ਸਾਡਾ ਵਿਰਸਾ ਬਹੁਤ ਹੀ ਸ਼ਾਨਾ ਮੱਤਾ, ਕਲਚਰ ਬਹੁਤ ਹੀ ਮਾਣ ਭਰਿਆ ਹੋ ਨਿਬੜਿਆ ਹੈ। ਇਥੋਂ ਦੇ ਰੀਤੀ ਰਿਵਾਜ਼, ਆਪਸੀ ਮੋਹ-ਪਿਆਰ ਨਾਤੇ ਰਿਸ਼ਤੇ ਇਨ੍ਹਾਂ ਨੂੰ ਯਾਦ ਕਰਕੇ ਬੜਾ ਹੀ ਮਾਣ ਮਹਿਸੂਸ ਹੁੰਦਾ ਹੈ। ਜੇਕਰ ਨਾਤੇ ਰਿਸ਼ਤਿਆਂ ਦੀ ਗੱਲ ਕਰੀਏ ਤਾਂ ਕੁਝ ਖੁਸ਼ੀ ਰਿਸ਼ਤੇ ਕੁਝ ਮੋਹ ਦੇ ਰਿਸ਼ਤੇ ਵੱਖਰੇ-ਵੱਖਰੇ ਨਾਤੇ ਨੇੜਤਾ ਇਨ੍ਹਾਂ ਦੀ ਵੱਖਰੀ ਨੁਹਾਰ ਵੇਖਣ ਨੂੰ ਮਿਲਦੀ ਸੀ ਅਤੇ ਹੈ। ਸਮੇਂ ਦੇ ਹਿਸਾਬ ਨਾਲ ਮੈਂ ਇਨ੍ਹਾਂ ਰਿਸ਼ਤਿਆਂ ਵਿਚੋਂ ਨੂੰਹ ਅਤੇ ਸੱਸ ਦੇ ਰਿਸ਼ਤੇ ਬਾਰੇ ਜ਼ਿਕਰ ਕਰਨ ਜਾ ਰਿਹਾ ਹਾਂ।

ਨੂੰਹ ਅਤੇ ਸੱਸ ਦਾ ਰਿਸ਼ਤਾ ਕੁਝ ਕੁ ਕੁੜੱਤਣ ਭਰਿਆ ਆਪਸੀ ਰਿਸ਼ਤੇ ਦੀ ਸਾਂਝ ਅਤੇ ਮਜਬੂਰੀ ਬਾਕੀ ਨਾਤਿਆਂ ਨਾਲੋਂ ਕੁਝ ਕੁ ਵੱਖਰਾ ਹੀ ਨਜ਼ਰ ਆਉਂਦਾ ਹੈ। ਇਹ ਠੀਕ ਹੈ ਅਸੀਂ ਮੰਨਦੇ ਹਾਂ ਨੂੰਹ ਆਪਣੀ ਸੱਸ ਨੂੰ ਮਾਂ ਸਮਝੇ ਪਰ ਸੱਸ ਆਪਣੀ ਨੂੰਹ ਨੂੰ ਧੀ ਸਮਝੇ ਤਾਂ ਸਭ ਰੇੜਕਾ ਹੀ ਮੁੱਕ ਜਾਂਦਾ ਹੈ। ਸਿਆਣਿਆਂ ਕੋਲੋਂ ਬਹੁਤੀ ਵਾਰੀ ਗੱਲ ਸੁਣਨ ਵਿਚ ਆਉਂਦੀ ਹੈ।

'ਕੁੜੀਆਂ ਚਿੜੀਆਂ ਨੂੰਹਾਂ-ਧੀਆਂ' ਸਮਾਂ ਆਉਣ ਉਪਰ ਇਕ ਧੀ ਨੇ ਆਪਣੇ ਬਾਬਲ ਦੇ ਵਿਹੜੇ ਵਿਚੋਂ ਉਡਾਰੀ ਮਾਰ ਕੇ ਸਹੁਰੇ ਘਰ ਦੀ ਨੂੰਹ ਬਣ ਕੇ ਧੀ ਅਖਵਾਉਣਾ ਹੈ। ਇਹ ਇਕ ਸਮਾਜਿਕ ਰੀਤ ਹੈ। ਹਰ ਮਾਂ ਬਾਪ ਆਪਣੀ ਬੱਚੀ ਨੂੰ ਜਵਾਨ ਹੁੰਦੀ ਵੇਖ ਉਸ ਦੀ ਆਉਣ ਵਾਲੀ ਜ਼ਿੰਦਗੀ

ਬਾਰੇ ਫਿਕਰਾਂ ਵਿਚ ਉਧੇੜ ਬੁਣ ਕਰਦੇ ਵੇਖਦੇ ਹਾਂ। ਪਿਛਲੇ ਸਮੇਂ ਤੋਂ ਲੈ ਕੇ ਅੱਜ ਦੇ ਸੋਝੀ ਭਰੇ ਯੁੱਗ ਵਿਚ ਕਾਫੀ ਮੱਲਾਂ ਮਾਰ ਕੇ ਸੁਧਾਰ ਕੀਤੇ ਹਨ ਪਰ ਫਿਰ ਵੀ ਲੜਕੇ ਨਾਲੋਂ ਅਸੀਂ ਲੜਕੀ ਦੀ ਜ਼ਿੰਦਗੀ ਬਾਰੇ ਕਾਫੀ ਸੋਚਦੇ ਹਾਂ। ਕਿਉਂ ਸਮੇਂ ਦੇ ਨਾਲ-ਨਾਲ ਇਸ ਦੇ ਕਈ ਕਾਰਨ ਬਣਦੇ ਹਨ। ਜਵਾਨ ਹੁੰਦੀ ਧੀ ਵੱਲ ਦੁਨੀਆ ਦੀਆਂ ਲਾਲਚੀ ਨਜ਼ਰਾਂ, ਦਾਜ, ਦਹੇਜ, ਲੋਕਾਂ ਦੀ ਰੰਗ ਬਰੰਗੀਆਂ ਗੱਲਾਂ ਐਵੇਂ ਕਿਸੇ ਦੀ ਇੱਜ਼ਤ ਦੇ ਰਾਖੇ ਪਹਿਰੇਦਾਰ ਬਣੇ ਰਹਿਣਾ ਸਾਡੇ ਸਮਾਜ ਵਿਚ ਨਜ਼ਰ ਆਉਂਦੇ ਹਨ।

ਦੂਜੇ ਪਾਸੇ ਵੱਡੀ ਗਿਣਤੀ ਵਿਚ ਸੱਸਾਂ ਆਪਣੀਆਂ ਨਵੀਆਂ ਆਈਆਂ ਨੂੰਹਾਂ ਉਪਰ ਸਰਦਾਰੀ ਕਰਨਾ ਆਪਣਾ ਫਰਜ਼ ਸਮਝਦੀਆਂ ਹਨ। ਸੋਚਿਆ ਜਾਵੇ ਜਦੋਂ ਕੋਈ ਲੜਕੀ ਆਪਣਾ ਪੇਕੇ ਪਰਿਵਾਰ ਨੂੰ ਛੱਡ ਕੇ ਆਉਂਦੀ ਹੈ ਤਾਂ ਉਸ ਨੂੰ ਸਭ ਕੁਝ ਓਪਰਾ ਓਪਰਾ ਲੱਗਣਾ ਇਕਕੁਦਰਤੀ ਗੱਲ ਹੁੰਦੀ ਹੈ। ਕਿਉਂਕਿ ਜਿਸ ਤਰ੍ਹਾਂ ਅਸੀਂ ਕੋਈ ਵੀ ਬੂਟਾ ਪੁੱਟ ਕੇ ਦੂਜੇ ਥਾਉਂ ਲਗਾ ਦੇਈਏ ਉਹ ਕੁਝ ਚਿਰ ਮੁਰਝਾ ਹੀ ਜਾਂਦਾ ਹੈ। ਫਿਰ ਕੁਝ ਚਿਰ ਪਾ ਕੇ ਉਸ ਉਪਰ ਖੇੜਾ ਆਉਂਦਾ ਹੈ। ਇਹ ਜ਼ਰੂਰੀ ਹੁੰਦਾ ਹੈ ਕਿ ਲੜਕੀ ਨੂੰ ਵੀ ਆਪਣੇ ਪੇਕੇ ਘਰ ਕੀਤੇ ਰਾਜ ਨੂੰ ਭੁਲਾ ਕੇ ਆਪਣੇ ਸਹੁਰੇ ਘਰ ਪਰਿਵਾਰ ਦੇ ਮਹੌਲ ਨੂੰ ਸਮਝ ਕੇ ਉਸ ਵਿਚ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰੇ। ਇਸ ਵਿਚ ਭਲਾ ਹੁੰਦਾ ਹੈ। ਹਰ ਸੱਸ ਸਹੁਰੇ ਦਾ ਵੀ ਫਰਜ਼ ਬਣਦਾ ਹੈ ਕਿ ਨਵੀਂ ਆਈ ਲੜਕੀ ਨੂੰ ਸਮਝੇ। ਜੇਕਰ ਕੋਈ ਗਲਤ ਗੱਲ ਦਿਸਦੀ ਹੈ ਤਾਂ ਉਸ ਨੂੰ ਆਪਣੀ ਧੀ ਵਾਂਗ ਸਮਝਾਏ। ਇਸ ਤਰ੍ਹਾਂ ਹਰ ਮਾਂ-ਬਾਪ ਦਾ ਵੀ ਫਰਜ਼ ਬਣਦਾਹੈ ਕਿ ਆਪਣੀ ਧੀ ਦੇ ਵਿਆਹ ਤੋਂ ਪਹਿਲਾਂ ਉਹ ਆਪਣੀ ਧੀ ਨੂੰ ਨਵੀਂ ਜ਼ਿੰਦਗੀ ਬਾਰੇ ਪੂਰੀ ਤਰ੍ਹਾਂ ਸਮਝਾਏ ਅਤੇ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਉਸ ਵਿਚ ਕੋਈ ਕਮੀ ਹੈ ਤਾਂ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ। ਪਿਆਰ ਨਾਲ ਕੁੜੀ ਤੁਰਨ ਵੇਲੇ ਤੇਰੇ ਮਹਿਲਾਂ ਦੇ ਵਿਚ ਵੇ ਬਾਬੁਲ ਗੁੱਡੀਆਂ ਕੌਣ ਖੇਡੂ, ਮੇਰੀਆਂ ਖੇਡਣ ਪੋਤਰੀਆਂ ਧੀਏ ਘਰ ਜਾ ਆਪਣੇ....ਵਗੈਰਾ ਮਾਹੌਲ ਬਣ ਜਾਂਦਾ ਹੈ। ਇਸੇ ਤਰੀਕੇ ਨਾਲ ਲਿਖਦੇ-ਲਿਖਦੇ ਨੂੰ ਤੁਰਨ ਲੱਗੀ ਧੀ ਦੀ ਮਾਂ-ਬਾਪ ਪ੍ਰਤੀ ਭਿੱਜੀ ਭਾਵਨਾ ਦਿਮਾਗ ਵਿਚ ਆ ਗਈ। ਕਿਸੇ ਲੇਖਕ ਦੀਆਂ ਸੱਤਰਾਂ।

**'ਮੇਰੀ ਡੋਲੀ ਜਦੋਂ ਹੋ ਜੂ ਤੇਰੀਆਂ ਅੱਖਾਂ ਤੋਂ ਓਹਲੇ,**
**ਮਾਏਂ ਵੇਖ-ਵੇਖ ਰੋਈ ਮੇਰੀਆਂ ਗੁੱਡੀਆਂ ਪਟੋਲੇ।**

ਦੂਜੇ ਪਾਸੇ ਪੁਰਾਣੇ ਜ਼ਮਾਨੇ ਵਿਚ ਘਰ ਵਿਚ ਕਈ ਸਿਆਸਤ ਖੇਡਣ ਵਾਲੀਆਂ ਸੱਸਾਂ ਆਪਣੇ ਆਪ ਨੂੰ ਨਾ ਮਾੜਾ ਬਣਾਉਣ ਬਦਲੇ ਨਵੀਂ ਆਈ ਨੂੰਹ ਰਾਣੀ ਨੂੰ ਪਿਆਰ ਨਾਲ ਲਓ ਬੇਟਾ ਹੁਣ ਇਹ ਘਰ ਤੇਰਾ ਹੀ ਹੈ ਅਸੀਂ ਤਾਂ ਦੋ ਟੁੱਕ ਰੋਟੀ ਖਾਣੀ ਹੈ। ਤਰੀਕੇ ਨਾਲ ਨਵੀਂ ਆਈ ਨੂੰਹ ਦੇ ਹੱਥ ਨਵੀਂ ਲਵੇਰਾ ਸਮਝ ਪੁਆ ਦੇਣੀ। ਤਾਂ ਕਿ ਮੱਝ ਵਹੁਟੀ ਤੋਂ ਬਿਨਾਂ ਮਿਲ ਨਾ ਸਕੇ। ਦੂਜੇ ਪਾਸੇ ਨੂੰਹ ਰਾਣੀ ਪੇਕਿਆਂ ਦੇ ਘਰ ਕਿਤੇ ਗਈ ਹੋਈ ਰਾਤ ਜਾ ਰਹਿ ਲਵੇ। ਆਪਣੇ ਸਮਾਜ ਦੇ ਮੁਤਾਬਕ ਹਰ ਕੁੜੀ ਨੂੰ ਆਪਣਾ ਘਰ ਤਿੰਨ ਵਾਰੀ ਜ਼ਿੰਦਗੀ ਵਿਚ ਬਣਾਉਂਦੀ ਮੰਨਿਆ ਗਿਆ ਹੈ। ਜ਼ਿੰਦਗੀ ਵਿਚ ਪਹਿਲਾ ਪੇਕਾ ਘਰ, ਫਿਰ ਸਹੁਰਾ ਘਰ ਉਸ ਤੋਂ ਬਾਅਦ ਸਖਤ ਮਿਹਨਤ ਕਰਕੇ ਆਪਣਾ ਘਰ ਬਨਾਉਂਦੀ ਹੈ ਤਾਂ ਜਾ ਕੇ ਇਸਤਰੀ ਨੂੰ ਸੰਪੂਰਣ ਜ਼ਿੰਦਗੀ ਮਿਲਦੀ ਹੈ।

ਕਈ ਸੱਸਾਂ ਗੱਲ ਗੱਲ ਉਪਰ ਟੁਕਮਾ ਟੁਕਮੀ ਕਰੀ ਜਾਣਾ ਪਰ ਉਹ ਇਹ ਗੱਲ ਭੁੱਲ ਜਾਂਦੀਆਂ ਹਨ ਕਿ ਅਸੀਂ ਵੀ ਇਕ ਦਿਨ ਮੰਜੇ ਉਪਰ ਬੈਠਣਾ ਹੈ ਰਹਿ ਜਾਣੀਆਂ ਹਨ। ਇਸ ਤਰ੍ਹਾਂ ਖਰਾਬ ਮਾਹੌਲ ਵਿਚੋਂ ਤਾਹਨੇ, ਮੇਹਣੇ ਅਤੇ ਬੋਲੀਆਂ ਉਤਪਨ ਹੁੰਦੀਆਂ ਹਨ। ਨੂੰਹ ਦੇ ਵੀਰ ਆਏ ਤੇ ਬਹੁਤ ਖਾਤਰਦਾਰੀ ਨਾ ਹੋਣੀ ਆਪਣੇ ਦਿਲ ਦੀ ਭੜਾਸ ਕੱਢਣ ਦੀ ਖਾਤਰ ਨੂੰਹ ਰਾਣੀ ਗਿੱਧੇ ਵਿੱਚ ਬੋਲੀ ਪਾਉਂਦੀ ਹੈ।

**"ਨੀਂ ਸੱਸੇ ਤੇਰੀ ਮੱਝ ਮਰ ਜਾਏ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।"**
**"ਬੁੜੀਏ ਨਾ ਕਰ ਪੁੱਤਰ ਪੁੱਤਰ ਹੁਣ ਤਾਂ ਮਾਹੀਆਂ ਮੇਰਾ ਹੈ।"**

ਪਰ ਉਸ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਹੈ ਕਿ ਸੱਸ ਨੇ ਪੁੱਤਰ ਜਨਮ ਦੇ ਕੇ ਜਵਾਨ ਕਰਕੇ ਨੂੰਹ ਨੂੰ ਸੌਂਪਿਆ ਹੈ। ਇਹ ਸੱਸ ਨੂੰ ਵੀ ਚਾਹੀਦਾ ਹੈ ਕਿ ਆਪਣੇ ਨਵੇਂ ਵਿਆਹੇ ਜੋੜੇ ਨੂੰ ਆਜ਼ਾਦੀ ਨਾਲ ਬੈਠਣ ਉਠਣ ਦੇਵੇ ਤਾਂ ਕਿ ਉਹ ਇਕ-ਦੂਜੇ ਨੂੰ ਸਮਝ ਸਕਣ। ਹਰ ਨਿੱਕੀ-ਨਿੱਕੀ ਗੱਲ ਉਪਰ ਉਨ੍ਹਾਂ ਉਪਰ ਆਪਣਾ ਹੁਕਮ ਨਾ ਝਾੜੇ। ਇਸ ਦੇ ਨਾਲ ਹੀ ਪਤੀ ਦਾ ਵੀ ਫਰਜ਼ ਬਣਦਾ ਹੈ ਕਿ ਉਹ ਜ਼ਿੰਦਗੀ ਦੇ ਹਰ ਰਿਸ਼ਤੇ ਨੂੰ ਸਮਝ ਕੇ ਉਸ ਨੂੰ ਬਣਦਾ ਮਾਣ ਸਤਿਕਾਰ ਦੇ ਕੇ ਸਮੇਂ ਨਾਲ ਸਮਝੌਤਾ ਕਰੇ। ਕਿਉਂਕਿ ਪਤਨੀ ਵੀ ਆਪਣਾ ਪੇਕਾ ਪਰਿਵਾਰ ਛੱਡ ਕੇ ਆਈ ਹੁੰਦੀ ਹੈ। ਉਸ ਨੂੰ ਵੀ ਸੈਟਲ ਹੋਣ ਲਈ ਸਮਾਂ ਚਾਹੀਦਾ ਹੈ, ਨਹੀਂ ਤਾਂ ਪਤੀ ਪਤਨੀ ਦੇ ਰਿਸ਼ਤੇ ਵਿਚ ਕੁੜੱਤਣ ਪੈਦਾ ਹੋ ਜਾਂਦੀ ਹੈ।

**"ਇਕ ਤੇਰੀ ਜ਼ਿੰਦ ਬਦਲੇ, ਵੇ ਮੈਂ ਸਾਰੇ ਟੱਬਰ ਦੀ ਗੋਲੀ।"**

ਕਈ ਵਾਰ ਪਤੀ ਪਰਿਵਾਰਕ ਮਜਬੂਰੀਆਂ ਜ਼ਿੰਮੇਵਾਰੀਆਂ ਨੂੰ ਸਮਝ ਕੇ ਪਰਦੇਸ ਜਾਂ ਫੌਜ ਵਿਚ ਚਲੇ ਜਾਂਦਾ ਹੈ। ਪਿੱਛੋਂ ਸੱਸਾਂ ਨਨਾਣਾਂ ਗੱਲ ਗੱਲ ਉਪਰ ਸ਼ੱਕ ਕਰਦੀਆਂ ਹਨ। ਖੁਸ਼ਗਵਾਹ ਮਾਹੌਲ ਦੁੱਖ ਭਰਿਆ ਬਣ ਜਾਂਦਾ ਹੈ।

**'ਦੁੱਖਾਂ ਵਿਚ ਪੈ ਗਈ ਜ਼ਿੰਦੜੀ ਕਿਤੇ ਟੱਕਰੇਂ ਤਾਂ ਹਾਲ ਸੁਣਾਵਾਂ।**
**ਜਾਂਦਾ ਹੋਇਆ ਦੱਸ ਨਹੀਂ ਗਿਆ ਵੇ ਮੈਂ ਚਿੱਠੀਆਂ ਕਿੱਧਰ ਨੂੰ ਪਾਵਾਂ।**
**ਇਕ ਤੇਰੀ ਜ਼ਿੰਦ ਬਦਲੇ ਵੇ ਮੈਂ ਝਿੜਕਾਂ ਟੱਬਰ ਦੀਆਂ ਖਾਵਾਂ।'**

ਇਨਸਾਨ ਲਈ ਹਰ ਨਵਾਂ ਦਿਨ ਨਵਾਂ ਸੂਰਜ ਇਕ ਨਵਾਂ ਸਵਾਲ ਲੈ ਕੇ ਆਉਂਦਾ ਹੈ। ਜਿਸ ਨੂੰ ਸ਼ਾਂਤ-ਚਿੱਤ ਰਹਿ ਕੇ ਸਮਝਣ ਅਤੇ ਸਿੱਖਣ ਦੀ ਲੋੜ ਹੁੰਦੀ ਹੈ। ਜੋ ਵੀ ਇਨਸਾਨ ਜਨਮ ਲੈਂਦਾ ਹੈ ਉਸ ਦਾ ਗਲਤੀ ਕਰਨਾ ਕੁਦਰਤੀ ਗੱਲ ਹੈ। ਜੇਕਰ ਉਹ ਗਲਤੀ ਨਹੀਂ ਕਰਦਾ ਉਹ ਇਨਸਾਨ ਭਗਵਾਨ ਹੈ। ਦੂਸਰੇ ਨੂੰ ਮੁਆਫ ਕਰ ਦੇਣਾ ਵੀ ਇਕ ਵੱਡੀ ਜਿੱਤ ਸਮਝਦੀ ਗਈ ਹੈ। ਹਰ ਸਿਆਣੇ ਬੰਦੇ ਦੀ ਸਿੱਖਿਆ ਉਸ ਦੀ ਜ਼ਿੰਦਗੀ ਦੇ ਕੌੜੇ ਮਿੱਠੇ ਤਜ਼ਰਬਿਆਂ ਦਾ ਫਲ ਜਾਂ ਨਤੀਜਾ ਹੁੰਦੀ ਹੈ। ਅੱਜ ਦਾ ਯੁੱਗ ਮੀਡੀਏ ਦਾ ਯੁੱਗ ਹੈ। ਹਰ ਬਣਦੇ ਰਿਸ਼ਤੇ ਨੂੰ ਸਮਝਣ ਦੀ ਲੋੜ ਹੁੰਦੀ ਹੈ। ਰਿਸ਼ਤਾ ਕੋਈ ਗਲਤ ਨਹੀਂ ਹੁੰਦਾ। ਅਸੀਂ ਹੀ ਇਸ ਨੂੰ ਗਲਤ ਰੂਪ ਦਿੰਦੇ ਹਾਂ। ਹਰ ਰਿਸ਼ਤੇ ਨੂੰ ਸਮਝ ਕੇ ਜ਼ਿੰਮੇਵਾਰੀ ਨਾਲ ਕੁੜੱਤਣ ਨੂੰ ਦੂਰ ਕਰਨ ਦੀ ਜ਼ਰੂਰਤ ਹੈ।

ਕਹਾਣੀ

# ਕੁਰਬਾਨੀ

**“ਸੁਰਜੀਤ ਕਿਵੇਂ ਮਰੀ? ਕਿਉਂ ਮਰੀ?” ਸਵਿਤਾ ਨੇ ਹੰਝੂ ਪੂੰਝਦਿਆਂ ਸਪੱਸ਼ਟ ਕਰਦਿਆਂ ਕਿਹਾ, “ਜਦੋਂ ਤੁਸੀਂ ਐਮ.ਬੀ.ਬੀ.ਐਸ. ਦੇ ਤੀਸਰੇ ਸਾਲ ਵਿਚ ਦਾਖਲ ਹੋਏ ਤਾਂ ਉਸ ਸਮੇਂ ਉਸ ਨੇ ਮੈਨੂੰ ਆਪਣੇ ਸਹੁਰੇ ਸ਼ਹਿਰ ਹਸਪਤਾਲ ਬੁਲਾਇਆ। ਜਾ ਕੇ ਪਤਾ ਲੱਗਾ ਕਿ ਸੁਰਜੀਤ ਚੰਦ ਦਿਨਾਂ ਦੀ ਮਹਿਮਾਨ ਹੈ। ਉਸ ਨੂੰ ਕੈਂਸਰ ਸੀ। ਉਹ ਆਖ਼ਰੀ ਸਟੇਜ਼ ’ਤੇ ਸੀ। ਮਰਨ ਤੋਂ ਕੁਝ ਦਿਨ ਪਹਿਲਾਂ ਮੇਰੇ ਨਾਲ ਇਕ ਵਾਅਦਾ ਕਰਦੀ ਹੋਈ, ਤੁਹਾਡੇ ਨਾਂ ਦਾ ਇਕ ਖ਼ਤ ਫੜਾ ਗਈ ਸੀ ਤੇ ਨਾਲ ਤੀਹ ਹਜ਼ਾਰ ਰੁਪਏ ਤੁਹਾਡੀ ਪੜ੍ਹਾਈ ਲਈ ਦੇ ਗਈ ਸੀ। ਇਸ ਸਾਰੀ ਮੁਲਾਕਾਤ ਸੁਰਜੀਤ ਤੇ ਮੇਰੇ ਦਰਮਿਆਨ ਹਸਪਤਾਲ ਵਿਚ ਇਕ ਰਾਤ ਨੂੰ ਹੋਈ। ਮਰਨ ਦੀ ਸੂਚਨਾ ਤੁਹਾਡੇ ਤੱਕ ਪਹੁੰਚਾ ਤਾਂ ਦੇਂਦੀ ਪਰ ਸੁਰਜੀਤ ਮਨ੍ਹਾਂ ਕਰ ਗਈ ਸੀ। ਬਸ ਏਨਾ ਕਿਹਾ ਕਿ “ਇਹ ਖ਼ਤ, ਜਦੋਂ ਉਹ ਪੜ੍ਹਾਈ ਪੂਰੀ ਕਰਕੇ ਆਉਣ ਤਾਂ ਮੇਰੇ ਵੱਲੋਂ ਉਨ੍ਹਾਂ ਨੂੰ ਦੇ ਦੇਣਾ।”**

ਸੁਰਜੀਤ ਇਕ ਕਰੋੜਪਤੀ ਬਾਪ ਦੀ ਲੜਕੀ ਹੈ। ਬੜੀ ਸੁਸ਼ੀਲ, ਚੰਚਲ ਤੇ ਖ਼ੂਬਸੂਰਤੀ ਦੀ ਪ੍ਰਤਿਮਾ।

ਭੁਪਿੰਦਰ ਇਕ ਗਰੀਬ ਘਰ ਦਾ ਲੜਕਾ ਹੈ। ਉਸ ਦਾ ਬਾਪ ਅਪਾਹਜ ਹੈ। ਉਸ ਦੀ ਮਾਂ ਲੋਕਾਂ ਦੇ ਬਰਤਨ ਸਾਫ਼ ਕਰਕੇ ਘਰ ਦਾ ਗੁਜ਼ਾਰਾ ਚਲਾਉਂਦੀ ਹੈ। ਭਪਿੰਦਰ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਹੈ। ਭਾਵੇਂ ਉਸ ਦੀ ਮਾਂ ਬਰਤਨ ਸਾਫਵ ਕਰਕੇ ਹੀ ਘਰ ਦਾ ਗੁਜ਼ਾਰਾ ਚਲਾਉਂਦੀ ਹੈ, ਪਰ ਉਹ ਭੁਪਿੰਦਰ ਨੂੰ ਸ਼ਹਿਰ ਦੇ ਇਕ ਵਧਈਆ ਮਾਡਲ ਸਕੂਲ ਵਿਚ ਪੜ੍ਹਾ ਰਹੀ ਹੈ।

**ਬਲਵਿੰਦਰ ‘ਬਾਲਮ’**
ਗੁਰਦਾਸਪੁਰ
ਉਂਕਾਰ ਨਗਰ,
ਗੁਰਦਾਸਪੁਰ (ਪੰਜਾਬ)
ਮੋ. 98156-25409



ਭੁਪਿੰਦਰ ਪੜ੍ਹਾਈ ਵਿਚ ਬਹੁਤ ਜ਼ਿਆਦਾ ਹੁਸ਼ਿਆਰ ਹੈ। ਹਰ ਕਲਾਸ ’ਚੋਂ ਉਹ ਹਮੇਸ਼ਾ ਹੀ ਪਹਿਲੇ ਦਰਜੇ ਤੇ ਰਹਿੰਦਾ ਹੈ।

ਭੁਪਿੰਦਰ ਤੇ ਸੁਰਜੀਤ ਦੱਸਵੀਂ ਤੱਕ ਇਕ ਹੀ ਕਲਾਸ ਵਿਚ ਪੜ੍ਹਦੇ ਆ ਰਹੇ ਹਨ। ਭੁਪਿੰਦਰ ਤੇ ਸੁਰਜੀਤ ਦਾ ਆਪਸ ਵਿਚ ਕਾਫੀ ਮੋਹ ਹੈ। ਦੋਵੇਂ ਇਕ ਦੂਜੇ ਵੱਲ ਆਕਰਸ਼ਿਤ ਹਨ। ਕਲਾਸ ਵਿਚ ਕਿਸੇ ਨਾ ਕਿਸੇ ਬਹਾਨੇ, ਸੁਰਜੀਤ ਉਸ ਕੋਲੋਂ ਸਵਾਲ ਆਦਿ ਸਮਝਣ ਦੇ ਬਹਾਨੇ ਕਿੰਨਾ ਚਿਰ ਬੈਠੀ ਗੱਲਾਂ ਵੀ ਮਾਰਦੀ ਰਹਿੰਦੀ ਹੈ।

ਦੱਸਵੀਂ ਦਾ ਸਲਾਨਾ ਨਤੀਜਾ ਨਿਕਲਦਾ ਹੈ ਤਾਂ ਭੁਪਿੰਦਰ ਮੈਰਿਟ ਵਿਚ ਸਟੈਂਡ ਕਰਦਾ ਹੈ। ਪਰ ਸੁਰਜੀਤ ਸੈਕੰਡ ਕਲਾਸ ਵਿਚ ਪਾਸ ਹੁੰਦੀ ਹੈ। ਸੁਰਜੀਤ ਭੁਪਿੰਦਰ ਨੂੰ ਇਕ ਹੀ ਕਲਾਸ ਵਿਚ ਪੜ੍ਹਨ ਲਈ ਆਖਦੀ ਹੈ, ਪਰ ਭੁਪਿੰਦਰ ਆਪਣੀ ਮਜਬੂਰੀ ਦੱਸਦਾ ਹੋਇਆ ਕਹਿੰਦਾ ਹੈ ਕਿ “ਸੁਰਜੀਤ ਮੈਂ ਦੱਸਵੀਂ ਕੋਂ ਅੱਗੇ ਨਹੀਂ ਪੜ੍ਹ ਸਕਦਾ ਕਿਉਂਕਿ ਮੇਰੇ ਬੀਜੀ ਆਖਦੇ ਹਨ ਕਿ ਹੁਣ ਮੈਂ ਕਾਲਜ ਦਾ ਖਰਚਾ ਤੈਨੂੰ ਨਹੀਂ ਦੇ ਸਕਦੀ, ਤੂੰ ਕੋਈ ਨੌਕਰੀ ਲੱਭ ਲੈ।”

ਪਰ ਸੁਰਜੀਤ ਉਸ ਨੂੰ ਦਿਲਾਸਾ ਦੇਂਦੀ ਹੋਈ ਬੜੇ ਮਾਯੂਸ ਬੋਲਾਂ ਵਿਚ ਆਖਦੀ ਹੈ, “ਭੁਪਿੰਦਰ ਵੇਖ ਮੈਂ ਤੈਨੂੰ ਸਾਰਾ ਖਰਚਾ ਦੇਵਾਂਗੀ। ਕਿਤਾਬਾਂ, ਕੱਪੜੇ ਤੇ ਹੋਰ ਆਰਥਿਕ ਲੋੜਾਂ ਪੂਰੀਆਂ ਕਰਾਂਗੀ, ਭੁਪਿੰਦਰ ਤੂੰ ਕਾਲਜ ਜ਼ਰੂਰ ਦਾਖਲ ਹੋ। ਤੂੰ ਆਪਣੇ ਬੀਜੀ ਨੂੰ ਮਨਾ ਲੈ ਕਿ ਮੈਂ ਆਪਣਾ ਖਰਚਾ ਖੁਦ ਆਪ ਕਰ ਲਵਾਂਗਾ ਤੇ ਮੈਨੂੰ ਕਾਲਜ ਦਾਖਲ ਹੋਣ ਦਿਉ।”

ਪਰ ਭੁਪਿੰਦਰ ਸੁਰਜੀਤ ਦੇ ਏਨੇ ਵੱਡੇ ਉਪਕਾਰ ਤੇ ਅਹਿਸਾਨ ਹੇਠਾਂ ਆਪਣੀ ਹੋਂਦ ਨੂੰ ਦਬਾਉਣਾ ਨਹੀਂ ਚਾਹੁੰਦਾ ਪਰ ਸੁਰਜੀਤ ਦੇ ਮੋਹ ਸਦਕੇ ਉਹ ਆਪਣੀ ਮਾਂ ਨੂੰ ਮਨਾਅ ਲੈਂਦਾ ਹੈ।

ਹੁਣ ਸੁਰਜੀਤ ਤੇ ਭੁਪਿੰਦਰ ਇਕ ਕਾਲਜ ਵਿਚ ਦਾਖਲ ਹੋ ਜਾਂਦੇ ਹਨ। ਦੋਵੇਂ ਹੀ ਬੜੇ ਖੁਸ਼ ਹਨ। ਕਾਲਜ ਵਿਚ ਦਾਖਲੇ ਦਾ ਅਤੇ ਪੁਸਤਕਾਂ ਦਾ ਸਾਰਾ ਖਰਚਾ ਸੁਰਜੀਤ ਹੀ ਅਦਾ ਕਰਦੀ ਹੈ। ਏਥੋਂ ਤੱਕ ਉਹ ਭੁਪਿੰਦਰ ਨੂੰ ਵਧੀਆ ਕੱਪੜੇ, ਪੱਗੜੀ ਤੇ ਇਕ ਸੁੰਦਰ ਘੜੀ ਵੀ ਹੱਥੀਂ ਖਰੀਦ ਕੇ ਦੇਂਦੀ ਹੈ। ਭੁਪਿੰਦਰ ਜਦੋਂ ਉਸ ਕੋਲੋਂ ਇਹ ਚੀਜ਼ਾਂ ਲੈਂਦਾ ਹੈ ਤਾਂ ਉਹ ਖੁਸ਼ ਤਾਂ ਹੁੰਦਾ ਪਰ ਕੁਝ ਸ਼ਰਮਿੰਦਗੀ ਜਿਹੀ ਮਹਿਸੂਸ ਵੀ ਕਰਦਾ ਹੈ। ਜਿਵੇਂ ਉਸ ਦੀ ਗੁਰਬਤ ਖਰੀਦੀ ਜਾ ਰਹੀ ਹੋਵੇ। ਪਰ ਸੁਰਜੀਤ ਦੇ ਮੋਹ ਕਰਕੇ, ਉਸ ਦੀ ਖੁਸ਼ੀ ਕਰਕੇ ਉਹ ਸਭ ਕੁਝ ਸਵੀਕਾਰਦਾ ਹੈ। ਉਹ ਸੁਰਜੀਤ ਦੇ

ਬੁਲੰਦੀਆਂ ਭਰੇ ਮੋਹ ਦੇ ਸ਼ੀਸ਼ੇ ਦੇ ਟੁਕੜੇ-ਟੁਕੜੇ ਵੀ ਨਹੀਂ ਕਰਨਾ ਚਾਹੁੰਦਾ। ਉਸ ਨੂੰ ਪਤਾ ਹੈ ਕਿ ਮੇਰੀ ਨਾਂਹ ਦੇ ਪੱਧਰ ਉਸ ਦੇ ਜਜ਼ਬਾਤਾਂ ਨੂੰ ਕਿਰਚੀਆਂ ਵਿਚ ਬਦਲ ਸਕਦੇ ਹਨ।

ਹੁਣ ਦੋਵੇਂ ਪ੍ਰੀ-ਮੈਡੀਕਲ ਵਿਚ ਦਾਖਲਾ ਲੈ ਲੈਂਦੇ ਹਨ। ਕਾਲਜ ਵਿਚ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਲੁਕਵੀਆਂ ਤੇ ਅਲੁਕਵੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਹਨ।

ਇਕ ਵਾਰੀ ਸੁਰਜੀਤ ਤੇ ਭੁਪਿੰਦਰ ਦੋਵੇਂ ਕਾਲਜ ਦੇ ਇਕ ਲਾਅਨ ਵਿਚ,ਿ ਏਕਾਂਤਵ ਾਤਾਵਰਣਿ ਵਚਬ ੈਠੇਅ ਾਪਣੇਅ ਲਫਾਜ਼ਾਂਦ ੀ ਕਿਸ਼ਤੀ ਨੂੰ ਮੋਹ ਦੇ ਸਾਗਰ ਵਿਚ, ਜ਼ਿੰਦਗੀ ਦੇ ਚੱਪੂਆਂ ਨਾਲ, ਬੜੀ ਹੌਲੀ-ਹੌਲੀ ਮੱਧਮ ਤੋਰ ਵਿਚ ਲਿਜਾ ਰਹੇ ਸਨ।

ਸੁਰਜੀਤ ਘਾਹ ਦੀ ਇਕ ਤਿੜ ਨੂੰ ਮੂੰਹ ਵਿਚ ਚਿੱਬਦੀ ਹੋਈ ਤੇ ਬਿਨਾ ਵਜ੍ਹਾ ਹੀ ਆਪਣੀ ਕਾਪੀ ਦੇ ਵਰਕੇ ਬੱਲਦੀ ਹੋਈ ਭੁਪਿੰਦਰ ਵੱਲ ਗਹੁ ਭਰੀਆਂ ਨਜ਼ਰਾਂ ਨਾਲ ਤੱਕਦੀ ਹੋਈ ਕਹਿ ਰਹੀ ਸੀ, "ਭੁਪਿੰਦਰ, ਸੱਚੀ ਤੂੰ ਮੈਨੂੰ ਏਨਾ ਚੰਗਾ ਕਿਉਂ ਲੱਗਦਾ ਏਂ" ਤੇ ਫਿਰ ਆਪੇ ਹੀ ਸ਼ਰਮ ਵਿਚ ਲਾਲ ਹੋ ਜਾਂਦੀ ਤੇ ਭੁਪਿੰਦਰ ਅੱਖੀਆਂ-ਅੱਖੀਆਂ 'ਚ ਇਸ ਦੇ ਅਰਥ ਸਮਝਾ ਦੇਂਦਾ।

"ਭੁਪਿੰਦਰ ਤੈਨੂੰ ਉਨਾਬੀ ਰੰਗ ਦੀ ਪੱਗ ਬਹੁਤ ਜੱਚਦੀ ਏ। ਸਾਡੇ ਕਾਲਜ ਵਿਚ ਕੀ ਸਾਡੇ ਸਾਰੇ ਸ਼ਹਿਰ ਵਿਚ ਤੇਰੇ ਵਰਗੀ ਕੋਈ ਪਗੜੀ ਨਹੀਂ ਬੰਨ੍ਹ ਸਕਦਾ। ਵੇਖ ਨਾ, ਕਿੱਦਾਂ ਤੇਰੀ ਪਗੜੀ ਦੇ ਲੜਾਂ ਵਿਚ, ਇਕੋ ਜਿੰਨੇ ਫਾਸਲੇ ਦੀ ਕਲਾਮਈ ਤਰਤੀਬ। ਹਰ ਇਕ ਲੜ ਦਾ ਫਾਸਲਾ ਦੂਸਰੇ ਲੜ ਦੇ ਫਾਸਲੇ ਜਿੰਨਾਂ ਬਰਾਬਰ। ਖਰਬੂਜ਼ੇ ਦੀ ਧੂੰਨੀ 'ਚੋਂ ਨਿਕਲਦੀਆਂ ਬਰਾਬਰ ਫਾਸਲੇ ਦੀਆਂ ਮੋਟੀਆਂ-ਮੋਟੀਆਂ ਧਾਰੀਆਂ ਵਾਂਗੂੰ। ਸੱਜੇ ਤੇ ਖੱਬੇ ਦੋਵੇਂ ਪਾਸਿਆਂ ਤੋਂ ਲੜ ਕਿੰਨੇ ਸਾਫ਼ ਨਜ਼ਰ ਆਉਂਦੇ ਹਨ। ਫਿਫਟੀ ਬਿਲਕੁਲ ਨਿੱਕੀ ਜਿਹੀ, ਅੰਗਰੇਜ਼ੀ ਦੇ ਲਫਜ਼ 'ਏ' ਦੀ ਸ਼ਕਲ ਵਰਗੀ। ਹਾਂ, ਭੁਪਿੰਦਰ ਤੇਰੀਆਂ ਨਿੱਕੀਆਂ-ਨਿੱਕੀਆਂ ਕੁੰਡਲਦਾਰ ਮੁੱਛਾਂ, ਨਿੱਕੀ-ਨਿੱਕੀ ਦਾੜ੍ਹੀ ਤੇਰੇ ਚਿਹਰੇ ਤੇ ਬੜੀ ਜੱਚਦੀ ਏ।' ਤੇ ਨਾਲ ਹੀ ਨਾਲ ਹੀ ਉਹ ਆਵੇਸ਼ ਵਿਚ ਭੁਪਿੰਦਰ ਦੀ ਦਾੜ੍ਹੀ ਤੇ ਪੋਲਾ ਜਿਹਾ ਹੱਥ ਫੇਰ ਜਾਂਦੀ।

ਭੁਪਿੰਦਰ ਉਸ ਦੀ ਉਂਗਲ ਹੱਥ ਵਿਚ ਫੜਦਾ ਹੋਇਆ ਆਖਦਾ, "ਸੁਰਜੀਤ, ਇਹ ਸਭ ਕੁਝ ਤੈਨੂੰ ਤਾਂ ਹੀ ਚੰਗਾ ਲੱਗਦਾ ਏ, ਮੋਹ ਤਾਂ ਹੈ ਹੀ ਏ ਪਰ ਇਹ ਕੱਪੜੇ, ਬੂਟ, ਇਹ ਪੱਗੜੀ ਤੇਰੇ ਹੀ ਤਾਂ ਹਨ ਤੇ ਖੁਦ ਮੈਂ ਵੀ।"

ਹੁਣ ਇਸ ਤਰ੍ਹਾਂ ਦੀਆਂ ਕਈ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਭੁਪਿੰਦਰ ਹੁਣ ਪਹਿਲੇ ਨਾਲੋਂ ਵੀ ਜ਼ਿਆਦਾ ਹੁਸ਼ਿਆਰ ਹੁੰਦਾ ਜਾ ਰਿਹਾ ਸੀ।

ਕਾਲਜ ਦਾ ਸਲਾਨਾ ਸਮਾਗਮ ਸੀ। ਸੁਰਜੀਤ ਇਕ ਨਾਟਕ ਵਿਚ ਭਾਗ ਲੈ ਰਹੀ ਸੀ। ਇਕ ਸਰਦਾਰ ਲੜਕੇ ਦੇ ਪਾਤਰ ਵਜੋਂ। ਨਾਟਕ ਦੀ ਤਿਆਰੀ ਸਮੇਂ ਸੁਰਜੀਤ, ਭੁਪਿੰਦਰ ਕੋਲੋਂ ਹੀ ਪਗੜੀ ਬੰਨ੍ਹਵਾ ਰਹੀ ਸੀ। ਉਹ ਕਮਰੇ ਦੀ ਇਕ ਨੁੱਕਰ ਵਿਚ ਸੁਰਜੀਤ ਨੂੰ ਬੜੇ ਇਤਮੀਨਾਨ ਨਾਲ ਪੱਗੜੀ ਬੰਨ੍ਹ ਰਿਹਾ ਸੀ। ਪੱਗੜੀ ਬੰਨ੍ਹਣ ਤੋਂ ਬਾਅਦ ਭੁਪਿੰਦਰ ਨੇ ਆਪਣੇ ਕੋਮਲ ਪੋਟਿਆਂ ਨਾਲ ਸੁਰਜੀਤ ਦੀ ਗੱਲ੍ਹ ਨੂੰ ਥਪਥਪਾਇਆ ਤੇ ਮਖੌਲ ਦੀ ਮੁੰਦਰਾ ਵਿਚ ਕਿਹਾ, "ਸੱਚੀ, ਸੁਰਜੀਤ ਤੂੰ ਅਗਰ ਸਰਦਾਰਾਂ ਦਾ ਮੁੰਡਾ ਹੁੰਦਾ ਤਾਂ ਬਹੁਤ ਸੋਹਣਾ ਲੱਗਦਾ ਸੀ। ਤੈਨੂੰ ਪੱਗੜੀ ਬਹੁਤ ਜੱਚੀ ਏ।" ਸੁਰਜੀਤ ਦੀਆਂ ਅੱਖਾਂ ਵਿਚ ਸ਼ਰਮ ਤੈਰ ਗਈ ਤੇ ਉਹ ਦੌੜ ਕੇ ਆਪਣੀਆਂ ਸਹੇਲੀਆਂ ਵਿਚ ਰਲ ਗਈ, ਨਾਟਕ ਦੀ ਰਿਹਰਸਲ ਵਾਸਤੇ।

ਸਟੇਜ਼ ਤੇ ਨਾਟਕ ਖੇਡਿਆ ਗਿਆ। ਨਾਟਕ ਦੀ ਸਫਲਤਾ ਦਾ ਸਿਹਰਾ ਸੁਰਜੀਤ ਨੂੰ ਜਾਂਦਾ ਸੀ। ਸਮਾਗਮ ਦੀ ਅਲਵਿਦਾ ਤੋਂ ਬਾਅਦ, ਕਾਲਜ ਦੀ ਪੜ੍ਹਾਈ ਫਿਰ ਸ਼ੁਰੂ ਹੋ ਚੁੱਕੀ ਸੀ। ਸਲਾਨਾ ਪੇਪਰਾਂ ਵਿਚ ਕੁਝ ਹੀ ਦਿਨ ਬਾਕੀ ਸਨ।

ਸਲਾਨਾ ਪੇਪਰ ਹੋ ਗਏ ਸਨ। ਭੁਪਿੰਦਰ ਯੂਨੀਵਰਸਿਟੀ 'ਚੋਂ ਪਹਿਲੇ ਦਰਜੇ ਵਿਚ ਸਟੈਂਡ ਕੀਤਾ। ਸੁਰਜੀਤ ਵੀ ਪਾਸ ਹੋ ਗਈ ਸੀ। ਭੁਪਿੰਦਰ ਨੂੰ ਅਥਾਹ ਖੁਸ਼ੀ ਸੀ ਪਰ ਸੁਰਜੀਤ ਨੂੰ ਭੁਪਿੰਦਰ ਦੀ ਖੁਸ਼ੀ ਇੰਝ ਲੱਗੀ ਜਿਵੇਂ ਉਹ ਖੁਸ਼ੀ ਭੁਪਿੰਦਰ ਦੀ ਨਹੀਂ ਉਸ ਦੀ ਆਪਣੀ ਹੀ ਖੁਸ਼ੀ ਹੋਵੇ।

ਭੁਪਿੰਦਰ ਤੇ ਸੁਰਜੀਤ ਕਾਲਜ ਵਿਚ ਹਮਸਹਿਪਾਠੀਆਂ ਨੂੰ ਪਾਰਟੀ ਦੇ ਰਹੇ ਸੀ। ਭੁਪਿੰਦਰ ਤੇ ਸੁਰਜੀਤ ਦੇ ਪਿਆਰ ਬਾਰੇ ਸਹਿਪਾਠੀਆਂ ਨੂੰ ਪਤਾ ਸੀ। ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਉਹ ਦੋਵੇਂ ਇਕ ਲਾਅਨ ਵਿਚ ਬੈਠ ਗਏ। ਤਿੱਖੀ-ਤਿੱਖੀ ਸਰਦੀਆਂ ਦੀ ਧੁੱਪ ਆਨੰਦ ਦੇ ਰਹੀ ਸੀ।

"ਭੁਪਿੰਦਰ ਤੂੰ ਹੁਣ ਮੈਡੀਕਲ ਕਾਲਜ ਵਿਚ ਦਾਖਲਾ ਲੈ ਲੈ, ਸੁਰਜੀਤ ਨੇ ਪਿਆਰ 'ਚ ਉਤਰਦਿਆਂ ਕਿਹਾ।"

"ਨਹੀਂ ਸੁਰਜੀਤ, ਮੈਡੀਕਲ ਕਾਲਜ ਦਾ ਏਨਾ ਖਰਚਾ...।"

"ਤੂੰ ਚਿੰਤਾ ਨਾ ਕਰ, ਉਹ ਸਭ ਮੈਂ ਵੇਖ ਲਵਾਂਗੀ। ਤੂੰ ਐਡਮਿਸ਼ਨ ਤਾਂ ਲੈ, ਐਡਮਿਸ਼ਨ ਵਿਚ ਤੈਨੂੰ ਕਿਹੜੀ ਕੋਈ ਦਿੱਕਤ ਹੋਣੀ ਏ। ਮੈਂ ਚਾਹੁੰਦੀ ਹਾਂ ਤੂੰ ਐਮ.ਡੀ. ਕਰਕੇ ਬਾਹਰ ਆਏਂ। ਮੈਨੂੰ ਬੜੀ ਖੁਸ਼ੀ ਹੋਵੇਗੀ। ਤੂੰ ਮੇਰੀ ਮੰਨ। ਤੂੰ ਦਾਖਲਾ ਲੈ। ਖਰਚਾ ਮੈਂ ਪਹੁੰਚਾਇਆ ਕਰਾਂਗੀ।"

ਭੁਪਿੰਦਰ ਨੇ ਸੁਰਜੀਤ ਦੇ ਅਲਫਾਜ਼ਾਂ ਨੂੰ ਸਿਰ ਮੱਥੇ ਕਬੂਲ ਕਰ ਲਿਆ। ਏਸੇ ਹੀ ਸ਼ਹਿਰ ਦੇ ਮੈਡੀਕਲ ਕਾਲਜ ਵਿਚ ਭੁਪਿੰਦਰ ਦਾਖਲਾ ਲੈ ਲੈਂਦਾ ਹੈ ਤੇ ਸੁਰਜੀਤ ਪਹਿਲੇ ਕਾਲਜ ਵਿਚ ਹੀ ਦਾਖਲਾ ਲੈ ਲੈਂਦੀ ਹੈ।

ਸੁਰਜੀਤ ਤੇ ਭੁਪਿੰਦਰ ਦੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਪਿਕਚਰ ਦੇਖਣਾ, ਸ਼ਾਪਿੰਗ ਕਰਨਾ ਕਦੀ ਕਦੀ ਹੋ ਜਾਂਦਾ ਸੀ।

ਐਮ.ਬੀ.ਬੀ.ਐਸ. ਦੇ ਦੂਸਰੇ ਸਾਲ ਵਿਚ ਜਦੋਂ ਭੁਪਿੰਦਰ ਪ੍ਰਵੇਸ਼ ਕੀਤਾ ਤਾਂ ਅਚਾਨਕ ਹੀ ਸੁਰਜੀਤ ਦੇ ਪਿਤਾ ਨੂੰ ਇਕ ਚੰਗਾ ਲੜਕਾ ਮਿਲਣ ਤੇ ਸੁਰਜੀਤ ਦੀ ਜਲਦੀ ਦੀ ਸ਼ਾਦੀ ਕਰ ਦਿੱਤੀ। ਪਰ ਸ਼ਾਦੀ ਤੋਂ ਪਹਿਲਾਂ ਸੁਰਜੀਤ, ਭੁਪਿੰਦਰ ਨੂੰ ਮਿਲੀ ਸੀ, "ਭੁਪਿੰਦਰ, ਮੇਰੀ ਸ਼ਾਦੀ ਹੋਣ ਵਾਲੀ ਏ, ਥੋੜ੍ਹੇ ਦਿਨਾਂ ਤੱਕ। ਤੂੰ ਲਗਾਤਾਰ ਪੜ੍ਹਾਈ ਜਾਰੀ ਰੱਖੀਂ। ਤੈਨੂੰ ਸਾਰਾ ਖਰਚਾ ਪਹੁੰਚਦਾ ਰਹੇਗਾ ਸਾਡੀ ਨੌਕਰਾਣੀ ਏ, ਉਸ ਦੀ ਲੜਕੀ ਏ 'ਸਵਿਤਾ'। ਉਹ ਤੈਨੂੰ ਸਾਰਾ ਖਰਚਾ ਪਹੁੰਚਾਇਆ ਕਰੇਗੀ।

ਮੈਂ ਉਸ ਨੂੰ ਤੇਰੇ ਬਾਰੇ ਸਭ ਕੁਝ ਦੱਸ ਦਿੱਤਾ ਏ। ਉਸ ਨੇ ਤੈਨੂੰ ਵੇਖਿਆ ਹੋਇਆ ਏ। ਤੈਨੂੰ ਚੰਗੀ ਤਰ੍ਹਾਂ ਜਾਣਦੀ ਏ। ਪਰ ਤੂੰ ਮੈਨੂੰ ਮਿਲਣ ਦੀ ਤਾਂਗ ਨਾ ਕਰੀਂ। ਮੈਂ ਹੀ ਤੈਨੂੰ ਮਿਲਿਆ ਕਰਾਂਗੀ। ਕਿਉਂਕਿ ਮੈਂ ਜਿਸ ਘਰ ਵਿਚ ਵਿਆਹੀ ਜਾਣਾ ਏ, ਉਨ੍ਹਾਂ ਲੋਕਾਂ ਦਾ ਆਰਥਿਕ ਤੇ ਰਾਜਨੀਤਕ ਪੱਧਰ ਸਾਡੇ ਸਮਾਜ ਨਾਲੋਂ ਬਹੁਤ ਹੀ ਉੱਚਾ ਏ। ਤੂੰ ਮੇਰੀਆਂ ਗੱਲਾਂ ਦਾ ਬੁਰਾ ਮਹਿਸੂਸ ਨਾ ਕਰੀਂ। ਪਰ ਤੂੰ ਮੇਰਾ ਕਹਿਣਾ ਨਹੀਂ ਮੋੜੇਗਾ।"

ਭੁਪਿੰਦਰ ਨੂੰ ਸੁਰਜੀਤ ਦੀ ਸ਼ਾਦੀ ਦੀ ਖੁਸ਼ੀ ਤਾਂ ਸੀ ਪਰ ਉਸ ਨੂੰ ਇਹ ਦੁੱਖ ਸੀ ਕਿ ਉਹ ਸੁਰਜੀਤ ਨੂੰ ਅਪਣਾ ਨਹੀਂ ਸੀ ਸਕਿਆ। ਫਿਰ ਵੀ ਉਸ ਨੂੰ ਅੰਤਾਂ ਦੀ ਖੁਸ਼ੀ ਸੀ ਕਿ ਸੁਰਜੀਤ ਨੂੰ ਬਹੁਤ ਚੰਗਾ ਘਰ ਵਰ ਮਿਲਿਆ ਏ।

ਸ਼ਾਦੀ ਤੋਂ ਬਾਅਦ ਸੁਰਜੀਤ ਆਪਣੇ ਸਹੁਰੇ ਚਲੀ ਗਈ।

ਹੁਣ ਨੌਕਰਾਣੀ ਦੀ ਲੜਕੀ ਸਵਿਤਾ ਦੇ ਜ਼ਰੀਏ ਉਸ ਦੀਆਂ ਸਾਰੀਆਂ ਆਰਥਿਕ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ। ਕਦੀ-ਕਦੀ ਸਵਿਤਾ, ਭੁਪਿੰਦਰ ਨੂੰ ਹੋਸਟਲ ਵਿਚ ਟੈਲੀਫ਼ੋਨ ਕਰਕੇ ਬਾਹਰ ਬੁਲਾ ਲੈਂਦੀ ਤੇ ਉਥੇ ਹੀ ਉਸ ਨੂੰ ਪੈਸੇ, ਕੱਪੜੇ, ਕਿਤਾਬਾਂ ਆਦਿ ਦਾ ਖਰਚਾ, ਸੁਰਜੀਤ ਵੱਲੋਂ ਭੇਜਿਆ, ਦੇ ਦਿੰਦੀ। ਰੇਸਤਰਾ ਵਿਚ ਬੈਠੇ ਭੁਪਿੰਦਰ ਤੇ ਸਵਿਤਾ ਕਿੰਨਾ-ਕਿੰਨਾ ਚਿਰ ਸੁਰਜੀਤ ਦੀਆਂ ਗੱਲਾਂ ਵੀ ਕਰਦੇ ਰਹਿੰਦੇ। ਭੁਪਿੰਦਰ ਉਸ ਦੇ ਦੰਪਤੀ ਜੀਵਨ ਬਾਰੇ ਸੁਖ ਸਾਂਦ ਪੁੱਛਦਾ ਰਹਿੰਦਾ। ਇਸ ਤਰ੍ਹਾਂ ਦਿਨ, ਮਹੀਨੇ, ਸਾਲ ਆਪਣੀ ਰਫ਼ਤਾਰ ਨਾਲ ਸਮੇਂ ਵਿਚੋਂ ਘਟਦੇ ਗਏ।

ਭੁਪਿੰਦਰ ਹੁਣ ਐਮ.ਡੀ. ਬਣ ਚੁੱਕਾ ਸੀ। ਤੇ ਉਹ ਆਪਣੇ ਸਰਟੀਫਿਕੇਟ ਲੈ ਕੇ ਬੜੀ ਖੁਸ਼ੀ-ਖੁਸ਼ੀ ਜਿਵੇਂ ਉਸ ਨੇ ਆਪਣੀ ਮੰਜ਼ਿਲ ਕਿਸੇ ਲਈ ਸਰ ਕਰ ਲਈ ਹੋਵੇ। ਕਿਸੇ ਦੀਆਂ ਤਮੰਨਾ ਦੇ ਬੂਟੇ ਨੂੰ ਉਸ ਦੀ ਮਿਹਨਤ ਸਦਕਾ ਸ਼ਗੂਫੇ ਲੱਗੇ ਹੋਣ। ਭੁਪਿੰਦਰ ਨੇ ਇਕ ਮਠਿਆਈ ਦਾ ਡੱਬਾ ਤੇ ਇਕ ਖ਼ੂਬਸੂਰਤ ਸਾੜ੍ਹੀ ਖਰੀਦੀ ਤੇ ਸਵਿਤਾ ਦੇ ਘਰ ਚਲਾ ਗਿਆ। ਸਵਿਤਾ ਆਪਣੇ ਬਰਾਮਦੇ ਵਿਚ ਬੈਠੀ ਅਖ਼ਬਾਰ ਪੜ੍ਹ ਰਹੀ ਸੀ। ਭੁਪਿੰਦਰ ਦੀ ਅਚਾਨਕ ਆਮਦ ਵੇਖ ਕੇ ਉਹ ਖਿਲ ਗਈ ਜਿਵੇਂ ਪਤਝੜਾਂ ਵਿਚ ਅਚਾਨਕ ਬਹਾਰ ਆ ਗਈ ਹੋਵੇ।

ਸਵਿਤਾ ਐਮ.ਏ.ਬੀ.ਐਡ. ਕਰਕੇ ਇਕ ਸਰਕਾਰੀ ਸਕੂਲ ਵਿਚ ਅਧਿਆਪਕ ਦਾ ਫਰਜ਼ ਨਿਭਾ ਰਹੀ ਹੈ।

ਭੁਪਿੰਦਰ ਨੇ ਕੁਰਸੀ ਤੇ ਬੈਠਦਿਆਂ ਸਾਰ ਹੀ ਸਵਿਤਾ ਨੂੰ ਖੁਸ਼ੀ ਵਿਚ ਝੂਮਦਿਆਂ ਕਿਹਾ, "ਸਵਿਤਾ ਜੀ, ਬੱਸ ਇਕ ਵਾਰੀ ਸੁਰਜੀਤ ਨੂੰ ਮਿਲਾ ਦਿਓ। ਮੇਰੀ ਬੜੀ ਦਿਲੀ ਤਮੰਨਾ ਹੈ ਕਿ ਮੈਂ ਉਸ ਨੂੰ ਸਰਵਿਸ ਯੋਆਇਨ ਕਰਨ ਤੋਂ ਪਹਿਲਾਂ ਜ਼ਰੂਰ ਮਿਲਾ। ਉਸ ਦਾ ਧੰਨਵਾਦ ਕਰਾਂ, ਜਿਸ ਨੇ ਮੇਰੀ ਹਨੇਰੀ ਜ਼ਿੰਦਗੀ ਨੂੰ ਰੁਸ਼ਨਾਇਆ। ਪਲੀਜ਼! ਉਸ ਨੂੰ ਕਿਸੇ ਨਾ ਕਿਸੇ ਬਹਾਨੇ ਟੈਲੀਫ਼ੋਨ ਕਰਕੇ ਬੁਲਾ ਲਵੋ। ਉਹ ਜ਼ਰੂਰ ਆਵੇਗੀ। ਉਹ ਬੜੀ ਖੁਸ਼ ਹੋਵੇਗੀ। ਬੱਸ, ਉਸ ਨੂੰ ਮੈਂ ਮਿਲਣਾ ਚਾਹੁੰਦਾ। ਆ ਵੇਖੋ, ਮੈਂ ਉਸ ਲਈ ਸਾੜ੍ਹੀ ਖਰੀਦ ਕੇ ਲਿਆਇਆ, ਆਪਣੀ ਖੁਸ਼ੀ ਦਾ ਪ੍ਰਗਟਾਵਾ।" ਉਹ ਇਕੋ ਸਾਹੇ ਆਵੇਸ਼ ਵਿਚ ਕਈ ਕੁਝ ਬੋਲ ਗਿਆ।

ਪਰ ਸਵਿਤਾ ਦੀਆਂ ਅੱਖਾਂ ਵਿਚੋਂ ਮੋਟੇ-ਮੋਟੇ ਗਲੇਡੂਆਂ ਦਾ ਡਿੱਗਣਾ, ਉਸ ਦਾ ਨੀਵੀਂ ਪਾ ਕੇ ਬੈਠੇ ਰਹਿਣਾ, ਕਿਸੇ ਮਾਤਮ ਦਾ ਸੂਚਕ ਬਣ ਗਿਆ।

"ਸਵਿਤਾ ਜੀ ਤੁਸੀਂ ਮੇਰਾ ਜੁਆਬ ਨਹੀਂ ਦਿੱਤਾ। ਕਰਕੇ ਆਓ ਨਾ ਟੈਲੀਫ਼ੋਨ ਸੁਰਜੀਤ ਨੂੰ। ਤੁਸੀਂ ਰੋ ਰਹੇ ਹੋ। ਕੀ ਗੱਲ ਏ? ਤੁਸੀਂ ਕਿਉਂ ਰੋ ਰਹੇ ਹੋ। ਕੋਈ ਗੱਲ ਵੀ ਤਾਂ ਦੱਸੋ?"

ਸਵਿਤਾ ਨੇ ਜਿਗਰਾ ਰੱਖਦਿਆਂ ਹੋਲੀ ਜਿਹੀ ਕਿਹਾ "ਸੁਰਜੀਤ ਤਾਂ ਮਰ ਚੁੱਕੀ ਏ। ਉਹ ਇਸ ਦੁਨੀਆਂ ਵਿਚ ਨਹੀਂ।"

"ਹੈ! ਕੀ ਆਖਦੇ ਹੋ।" ਤੇ ਭੁਪਿੰਦਰ ਦੇ ਹੱਥੋਂ ਸਾੜ੍ਹੀ ਤੇ ਮਠਿਆਈ ਦਾ ਡੱਬਾ ਡਿੱਗ ਕੇ ਖਿਲਰ ਗਿਆ। ਉਹ ਮੱਥੇ ਤੇ ਹੱਥ ਰੱਖ ਕੇ ਉੱਚੀ-ਉੱਚੀ ਰੋਣ ਲੱਗ ਪਿਆ। ਅੱਖਾਂ ਵਿਚ ਹੰਝੂ ਤੇ ਥਿੜਕਦੇ ਬੋਲਾਂ ਵਿਚ ਭੁਪਿੰਦਰ ਬੋਲੀ ਜਾ ਰਿਹਾ ਸੀ ਪਾਗਲਾਂ ਵਾਂਗ, "ਤੁਸੀਂ ਝੂਠ ਮਾਰਦੇ ਹੋ! ਸੁਰਜੀਤ ਨਹੀਂ ਮਰ ਸਕਦੀ। ਉਹ ਮੇਰੇ ਲਈ ਜਿਦਾ ਹੈ।" ਤੇ ਉਹ ਪਾਗਲਾਂ ਵਾਂਗ ਉੱਚੀ-ਉੱਚੀ ਸੁਰਜੀਤ, ਸੁਰਜੀਤ ਆਵਾਜ਼ਾਂ ਮਾਰ ਕੇ ਚੁੱਪ ਹੋ ਗਿਆ।

"ਸੁਰਜੀਤ ਕਿਵੇਂ ਮਰੀ? ਕਿਉਂ ਮਰੀ?" ਸਵਿਤਾ ਨੇ ਹੰਝੂ ਪੂੰਝਦਿਆਂ ਸਪੱਸ਼ਟ ਕਰਦਿਆਂ ਕਿਹਾ, "ਜਦੋਂ ਤੁਸੀਂ ਐਮ.ਬੀ.ਬੀ.ਐਸ. ਦੇ ਤੀਸਰੇ ਸਾਲ ਵਿਚ ਦਾਖਲ ਹੋਏ ਤਾਂ ਉਸ ਸਮੇਂ ਉਸ ਨੇ ਮੈਨੂੰ ਆਪਣੇ ਸਹੁਰੇ ਸ਼ਹਿਰ ਹਸਪਤਾਲ ਬੁਲਾਇਆ। ਜਾ ਕੇ ਪਤਾ ਲੱਗਾ ਕਿ ਸੁਰਜੀਤ ਚੰਦ ਦਿਨਾਂ ਦੀ ਮਹਿਮਾਨ ਹੈ। ਉਸ ਨੂੰ ਕੈਂਸਰ ਸੀ। ਉਹ ਆਖ਼ਰੀ ਸਟੇਜ਼ 'ਤੇ ਸੀ। ਮਰਨ ਤੋਂ ਕੁਝ ਦਿਨ ਪਹਿਲਾਂ ਮੇਰੇ ਨਾਲ ਇਕ ਵਾਅਦਾ ਕਰਦੀ ਹੋਈ, ਤੁਹਾਡੇ ਨਾਂ ਦਾ ਇਕ ਖ਼ਤ ਫੜਾ ਗਈ ਸੀ ਤੇ ਨਾਲ ਤੀਹ ਹਜ਼ਾਰ ਰੁਪਏ ਤੁਹਾਡੀ ਪੜ੍ਹਾਈ ਲਈ ਦੇ ਗਈ ਸੀ। ਇਸ ਸਾਰੀ ਮੁਲਾਕਾਤ ਸੁਰਜੀਤ ਤੇ ਮੇਰੇ ਦਰਮਿਆਨ ਹਸਪਤਾਲ ਵਿਚ ਇਕ ਰਾਤ ਨੂੰ ਹੋਈ। ਮਰਨ ਦੀ ਸੂਚਨਾ ਤੁਹਾਡੇ ਤੱਕ ਪਹੁੰਚਾ ਤਾਂ ਦੇਂਦੀ ਪਰ ਸੁਰਜੀਤ ਮਨ੍ਹਾਂ ਕਰ ਗਈ ਸੀ। ਬਸ ਏਨਾ ਕਿਹਾ ਕਿ "ਇਹ ਖ਼ਤ, ਜਦੋਂ ਉਹ ਪੜ੍ਹਾਈ ਪੂਰੀ ਕਰਕੇ ਆਉਣ ਤਾਂ ਮੇਰੇ ਵੱਲੋਂ ਉਨ੍ਹਾਂ ਨੂੰ ਦੇ ਦੇਣਾ।"

ਸਵਿਤਾ ਤੋਂ ਖ਼ਤ ਫੜ ਕੇ ਉਸ ਨੇ ਮੱਥੇ ਨਾਲ ਲਾਇਆ, ਚੁੰਮਿਆ ਤੇ ਕਈ ਹੰਝੂ ਖ਼ਤ ਨੂੰ ਗਿੱਲਾ ਕਰ ਗਏ। ਖ਼ਤ ਖੋਲ੍ਹਿਆ। ਲਿਖਾਵਟ ਵਿੱਚੋਂ ਉਸ ਨੂੰ ਇੰਝ ਲੱਗਾ ਜਿਵੇਂ ਸੁਰਜੀਤ ਉਸ ਵਿਚੋਂ ਬੋਲ ਰਹੀ ਹੋਵੇ। ਉਸ ਦਾ ਚਿਹਰਾ, ਉਸ ਦੀਆਂ ਯਾਦਾਂ ਚੱਲ ਚਿੱਤਰ ਵਾਂਗ ਦਿਮਾਗ਼ ਵਿਚ ਘੁੰਮ ਗਈਆਂ। ਖ਼ਤ ਵਿਚ ਲਿਖਿਆ ਸੀ।

ਹਮੇਸ਼ਾ ਹਮੇਸ਼ਾ ਯਾਦ!

ਮੈਂ ਬੜੀ ਮੁਸ਼ਕਿਲ ਨਾਲ ਗੁਸਲਖਾਨੇ ਵਿਚ ਖ਼ਤ ਲਿਖ ਰਹੀ ਹਾਂ। ਮੈਨੂੰ ਪਤਾ ਹੈ ਕਿ ਮੈਂ ਚੰਦ ਦਿਨਾਂ ਦੀ ਮਹਿਮਾਨ ਹਾਂ। ਆਖ਼ਰੀ ਸਾਹਾਂ ਤੇ ਹਾਂ। ਤੁਹਾਨੂੰ ਸੱਚੀ ਮਿਲਣ ਲਈ ਕਿੰਨਾਂ ਦਿਲ ਕਰਦਾ ਏ। ਹੰਝੂ ਰੁਕਦੇ ਨਹੀਂ। ਪਰ ਕੁਝ ਸਮਾਜਿਕ ਬੰਧਨ ਏਨੇ ਹਨ ਕਿ ਤੁਹਾਡਾ ਇਥੇ ਆਉਣਾ ਨਾ ਮੁਮਕਿੰਨ ਹੈ। ਉਹ ਯਾਦਾਂ ਮੁਬਾਰਕ! ਸਮਾਂ ਇਜਾਜ਼ਤ ਨਹੀਂ ਦੇਂਦਾ, ਅਲਵਿਦਾ ਭੁਪਿੰਦਰ ਜੀ!

ਮੇਰੀ ਆਖ਼ਰੀ ਤਮੰਨਾ ਹੈ ਕਿ ਤੁਸੀਂ ਸਵਿਤਾ ਨੂੰ ਅਪਨਾ ਲਵੋਗੇ।

ਤੁਹਾਡੀ ਸੁਰਜੀਤ

# ਸ਼ੋਸਲ ਮੀਡੀਆ ਇਕ ਵਰਦਾਨ

ਭਵਨਦੀਪ ਸਿੰਘ ਪੁਰਬਾ


> "ਕਿਹਾ ਜਾਦਾ ਹੈ ਕਿ ਖੁਸ਼ੀ ਵੰਡਣ ਨਾਲ ਵਧਦੀ ਹੈ ਅਤੇ ਦੁੱਖ ਵੰਡਣ ਨਾਲ ਘਟਦੇ ਹਨ। ਅੱਜ ਦੇ ਬਿਜੀ ਟਾਈਮ ਵਿੱਚ ਆਪਨੀ ਖੁਸ਼ੀ ਗਮੀ ਸ਼ੋਸਲ ਮੀਡੀਆ ਰਾਹੀਂ ਹੀ ਤਾਂ ਸ਼ੇਅਰ ਕੀਤੀ ਜਾ ਸਕਦੀ ਹੈ। ਨਿੱਜੀ ਤੌਰ 'ਤੇ ਕਿਸੇ ਨੂੰ ਵੀ ਮਿਲ ਕੇ ਦੁੱਖ-ਸੁੱਖ ਸਾਂਝੇ ਕਰਨ ਦਾ ਕਿਸੇ ਕੋਲ ਟਾਈਮ ਕਿਥੇ ਹੈ। ਨਜ਼ਰੀਆ ਆਪੋ ਆਪਣਾ ਹੈ ਜਿਸ ਵੀ ਚੀਜ਼ ਨੂੰ ਜਿਸ ਵੀ ਨਿਗਾ ਨਾਲ ਵੇਖ ਲਵੋ ਉਹ ਉਹੋ ਜਿਹੀ ਹੀ ਨਜ਼ਰ ਆਵੇਗੀ।"



ਸ਼ੋਸਲ ਮੀਡੀਆ ਅੱਜ ਜ਼ਿੰਦਗੀ ਦਾ ਅੰਗ ਬਣ ਗਿਆ ਹੈ। ਸਮੇਂ ਅਤੇ ਏਰੀਏ ਮੁਤਾਬਕ ਸ਼ੋਸਲ ਮੀਡੀਏ ਦੀਆਂ ਵੱਖ-ਵੱਖ ਸਾਈਟਾਂ ਚੱਲਦੀਆਂ ਰਹਿੰਦੀਆਂ ਹਨ। ਪਹਿਲਾ ਓਰਕਟ ਦਾ ਬੜਾ ਨਾਮ ਚੱਲੀਏ ਫਿਰ ਉਸ ਦੀ ਜਗ੍ਹਾ ਫੇਸਬੁੱਕ ਨੇ ਲੈ ਲਈ। ਹੁਣ ਵਟਸਐਪ ਜ਼ਿਆਦਾ ਪ੍ਰਚਲਤ ਹੋ ਗਿਆ ਤੇ ਫੇਸਬੁੱਕ ਦਾ ਰੁਝਾਣ ਥੋੜ੍ਹਾ ਘੱਟ ਗਿਆ। ਪਰ ਫੇਸਬੁੱਕ ਅਤੇ ਵਟਸਐਪ ਦੇ ਫੀਚਰ ਵੱਖ-ਵੱਖ ਹੋਣ ਕਰਕੇ ਦੋਨੋਂ ਸਾਈਟਾਂ ਹੀ ਆਪਣਾ ਆਪਣਾ ਸਥਾਨ ਰੱਖਦੀਆ ਹਨ। ਇਨ੍ਹਾਂ ਤੋਂ ਇਲਾਵਾ ਗੋਗਲ+ਪਲੱਸ, ਟਵੀਟਰ, ਸਕਾਈਪ, ਵਾਈਬਰ, ਇੰਨਸਟਾਗ੍ਰਾਮ ਆਦਿ ਅਨੇਕਾਂ ਸ਼ੋਸਲ ਸਾਈਟਾਂ ਹਨ ਜਿਨ੍ਹਾਂ ਰਾਹੀਂ ਲੋਕ ਆਪਣੇ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਦੇ ਹਨ।

ਹਰ ਵਿਅਕਤੀ ਲੇਖਕ ਨਹੀਂ ਹੁੰਦਾ ਜੋ ਵੱਡੇ-ਵੱਡੇ ਆਰਟੀਕਲਜ ਜਾ ਲੇਖ ਲਿਖ ਕੇ ਉਨ੍ਹਾਂ ਨੂੰ ਅਖਬਾਰ ਮੈਗਜ਼ੀਨ ਵਿੱਚ ਛਪਵਾ ਸਕੇ, ਹਰ ਵਿਅਕਤੀ ਪੱਤਰਕਾਰ ਹੁੰਦਾ ਜੋ ਆਪਣੇ ਇਰਦ ਗਿਰਦ ਹੋ ਰਹੀਆ

ਜ਼ਿਆਦਤੀਆਂ ਨੂੰ ਪੇਪਰ ਜਾ ਚੈਨਲ ਤੇ ਦੇ ਸਕੇ। ਹਰ ਵਿਅਕਤੀ ਆਪਣੇ ਦਿਲ ਦੀ ਗੱਲ ਅਖਬਾਰ, ਮੈਗਜ਼ੀਨ ਜਾ ਚੈਨਲਾਂ ਰਾਹੀਂ ਲੋਕਾਂ ਨਾਲ ਸਾਂਝੀ ਨਹੀਂ ਕਰ ਸਕਦਾ। ਮੀਡੀਆ ਅਜ਼ਾਦ ਹੋ ਕੇ ਵੀ ਅਜ਼ਾਦ ਨਹੀਂ ਹੈ। ਮੀਡੀਆ ਉਪਰ ਕੁਝ ਵੱਡੇ ਲੋਕਾਂ ਦਾ ਕਬਜ਼ਾ ਹੈ, ਕੁੱਝ ਮੀਡੀਆ ਵਿਕਾਊ ਹੈ। ਕੁਝ ਦੀ ਮਜਬੂਰੀ ਹੈ। ਇਸ ਸਥਿਤੀ ਵਿੱਚ ਮੀਡੀਆ ਤੱਕ ਪਹੁੰਚਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਰਹੀ। ਇਸ ਲਈ ਸ਼ੋਸਲ ਮੀਡੀਆ ਰਾਹੀਂ ਹੀ ਹਰ ਬੰਦਾ ਆਪਣੇ ਦਿਲ ਦੀ ਗੱਲ ਆਪਣੇ ਸੱਜਣਾਂ ਮਿੱਤਰਾਂ ਨਾਲ ਸ਼ੇਅਰ ਕਰ ਸਕਦਾ ਹੈ। ਸ਼ੋਸਲ ਸਾਈਟ ਰਾਹੀਂ ਆਪਣੇ ਦਿਲ ਦੀ ਭੜਾਸ ਕੱਢੀ ਜਾ ਸਕਦੀ ਹੈ। ਜਿਸ ਗੱਲ ਨੂੰ ਕੋਈ ਸਿਧੇ ਤਰੀਕੇ ਨਹੀਂ ਆਖ ਸਕਦਾ ਉਸ ਨੂੰ ਸ਼ੋਸਲ ਸਾਈਟਾਂ ਰਾਹੀਂ ਹੀ ਬਿਆਨ ਕੀਤਾ ਜਾ ਸਕਦਾ ਹੈ।



ਇੱਕ ਦਿਨ ਵਟਸਐਪ ਤੇ ਸ਼ੋਸਲ ਮੀਡੀਆ ਦੀ ਦੁਰਵਰਤੋਂ ਬਾਰੇ ਲਿਖਿਆ ਸੀ ਕਿ ਅੱਜ ਕੱਲ੍ਹ ਸ਼ੋਸਲ ਮੀਡੀਆ ਮਨੁੱਖ ਦਾ ਇਕ ਜ਼ਰੂਰੀ ਅੰਗ ਬਣ ਚੁੱਕਾ ਹੈ। ਇਨਸਾਨ ਪਿਆਸ ਤੇ ਭੁੱਖ ਕੱਟ ਲਊ ਪਰ ਇੰਟਰਨੈਟ ਤੋ ਬਿਨਾਂ ਨਹੀਂ ਸਾਰਦਾ। ਜਿਥੇ ਇਸ ਦੀ ਵਰਤੋਂ ਕੁਝ ਕੁ ਸਹੀ ਕੰਮਾਂ ਤੇ ਹੋ ਰਹੀ ਹੈ ਉਥੇ ਇਸ ਦੀ ਦੁਰਵਰਤੋਂ ਵੀ ਹੋ ਰਹੀ ਹੈ। ਹਰ ਸਿਆਸੀ ਪਾਰਟੀ ਪੂਰੇ ਜ਼ੋਰ ਸ਼ੋਰ ਨਾਲ ਇਸ ਸ਼ੋਸਲ ਮੀਡੀਆ ਰਾਹੀਂ ਗੁਮਰਾਹਕੁੰਨ ਪ੍ਰਚਾਰ ਕਰ ਰਹੀ ਹੈ। ਵਟਸਐਪ ਰਾਹੀਂ ਆ ਰਹੇ ਗਲਤ ਮੈਸਜ ਬਿਨਾਂ ਸੋਚੇ ਫਾਰਵਰਡ ਕਰ ਰਹੇ ਹਨ ਯੂਜਸਰ ਇਹ ਸੋਚਦਾ ਹੀ ਨਹੀਂ ਇਸ ਦਾ ਅਗਾਂਹ ਕੀ ਪ੍ਰਭਾਵ ਪਵੇਗਾ। ਸ਼ੋਸਲ ਮੀਡੀਆ ਅਫਵਾਹਾਂ ਦਾ ਕੇਂਦਰ ਬਣ ਚੁੱਕਾ ਹੈ ਇਹ ਮੰਨਣਾ ਪਵੇਗਾ। ਸਾਨੂੰ ਇਕ ਜ਼ੁੰਮੇਵਾਰ ਨਾਗਰਿਕ ਬਣ ਕੇ ਸ਼ੋਸਲ ਮੀਡੀਆ ਰਾਹੀ ਕੂੜ ਪ੍ਰਚਾਰ ਬੰਦ ਕਰਨਾ ਪਵੇਗਾ। ਕਿਸੇ ਸਿਆਸੀ ਵਿਅਕਤੀ ਦੀ ਗਲਤ ਢੰਗ ਨਾਲ ਬਣਾਈ ਅਸ਼ਲੀਲ ਫੋਟੋ ਪਾਉਣ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ। ਇਹ ਸਾਡੀ ਮਰਿਯਾਦਾ ਨਹੀਂ। ਸ਼ੋਸਲ ਮੀਡੀਆ ਦਾ ਪ੍ਰਯੋਗ ਸਾਨੂੰ ਚੰਗੇ ਕੰਮਾਂ ਲਈ ਕਰਨਾ ਚਾਹੀਦਾ ਹੈ ਇਸ ਵਿਚ ਵਿਦਿਅਰਾਥੀਆਂ ਲਈ ਗਿਆਨ ਭਰਭੂਰ ਸਮੱਗਰੀ ਵੀ ਹੈ ਲੇਖਕਾ ਅਤੇ ਆਲੋਚਕਾ ਲਈ ਉਸਾਰੂ ਬਹਿਸ ਦਾ ਇਕ ਬਹੁਤ ਵੱਡਾ ਪਲੇਟਫਾਰਮ ਹੈ। ਸੋ ਲੋੜ ਹੈ ਸਾਨੂੰ ਆਤਮ ਚਿੰਤਨ ਕਰਨ ਦੀ ਤਾਂ ਜੋ ਸ਼ੋਸਲ ਮੀਡੀਆ ਦੀ ਦੁਰਵਰਤੋਂ ਰੁਕ ਸਕੇ।

ਇਸ ਸਬੰਧ ਵਿੱਚ ਮੈਂ ਕੁੱਝ ਹੱਦ ਤੱਕ ਸਹਿਮਤ ਹਾਂ। ਪਰ ਅਸਲ ਵਿੱਚ ਜੋ ਗੱਲਾਂ ਦਾ ਉਪਰ ਜ਼ਿਕਰ ਹੋਇਆ ਉਹ ਸ਼ੋਸਲ ਮੀਡੀਆ ਦੀ ਦੁਰਵਰਤੋਂ ਨਹੀਂ ਹੈ। ਜੇਕਰ ਸਿਆਸੀ ਪਾਰਟੀਆਂ ਆਪਣੇ ਪ੍ਰਚਾਰ ਲਈ ਸ਼ੋਸਲ ਮੀਡੀਆ ਦਾ ਸਹਾਰਾ ਲੈਂਦੀਆ ਹਨ ਤਾਂ ਇਹ ਉਨ੍ਹਾਂ ਦਾ ਅਧਿਕਾਰ ਹੈ, ਉਨ੍ਹਾਂ ਦਾ ਰਾਈਟ ਹੈ। ਸਿਆਸੀ ਪਾਰਟੀਆ ਤਾਂ ਵੋਟਾਂ ਲਈ ਸ਼ਰਾਬਾਂ ਵੰਡਣ, ਪੈਸੇ ਵੰਡਣ, ਝੂਠੇ-ਸੱਚੇ ਕੇਸ ਪਵਾਉਣ ਤੱਕ ਦੀਆਂ ਗਤੀਵਿਧੀਆ ਕਰਦੀਆ ਹਨ। ਉਨ੍ਹਾਂ ਨਾਲੋਂ ਤਾਂ ਚੰਗਾ ਹੈ ਕਿ ਸ਼ੋਸਲ ਮੀਡੀਆ ਰਾਹੀਂ ਆਪਣੀ ਬਿਆਨਬਾਜੀ ਕਰੀ ਜਾਣ। ਵੋਟ ਕਿਸ ਨੂੰ ਪਾਉਣੀ ਹੈ ਇਹ ਸੋਚਣਾ ਵੋਟਰ ਦਾ ਕੰਮ ਹੈ ਉਸ ਦਾ ਅਧਿਕਾਰ ਹੈ। ਸਭ ਦੇ ਵਿਚਾਰ ਜਾਣ ਕੇ ਹੀ ਵੋਟਰ ਵਧੀਆ ਲੀਡਰ ਦੀ ਚੋਣ ਕਰ ਸਕਦਾ ਹੈ। ਪਿਛਲੇ ਕੁੱਝ ਸਮੇਂ ਦੌਰਾਨ ਜੇਕਰ ਵੋਟਰ ਜਾਗਰੁਕ ਹੋਏ ਹਨ ਤਾਂ ਇਹ ਸਭ ਸ਼ੋਸਲ ਮੀਡੀਆ ਦੀ ਹੀ ਦੇਣ ਹੈ। ਵਧੀਆ ਲੀਡਰਾਂ ਦਾ ਲੋਕਾਂ ਨੇ ਆਪਣੇ ਆਪ ਹੀ ਪ੍ਰਚਾਰ ਕੀਤਾ। ਇਥੇ ਮੈਂ ਕਿਸੇ ਸਿਆਸੀ ਪਾਰਟੀ ਦਾ ਜ਼ਿਕਰ ਨਹੀਂ ਕਰਦਾ ਪਰ ਕਿਸੇ ਸਟੇਟ ਵਿੱਚ ਕਿਸੇ ਪਾਰਟੀ ਦਾ ਇੱਕ ਦਮ ਪਲਟਾ ਵੱਜ ਜਾਣਾ ਇਸ ਵਿੱਚ ਸਭ ਤੋਂ ਵੱਡਾ ਰੋਲ ਸ਼ੋਸਲ ਮੀਡੀਆ ਦਾ ਹੀ ਹੈ। ਵਟਸਐਪ, ਫੇਸਬੁੱਕ ਜਾ ਕਿਸੇ ਹੋਰ ਸ਼ੋਸਲ ਮੀਡੀਆ ਰਾਹੀਂ ਗਲਤ ਮੈਸਜ ਭੇਜਣਾ ਅਤੇ ਬਿਨਾਂ ਸੋਚੇ ਵਿਚਾਰੇ ਕੋਈ ਵੀ ਮੈਸ਼ੇਜ ਫਾਰਵਰਡ ਕਰੀ ਜਾਣਾ ਹਰੇਕ ਲਈ ਘਾਤਕ ਹੋ ਸਕਦਾ ਹੈ। ਸਿਰਫ ਇੰਨਟਰਟੇਨਮੈਂਟ ਲਈ ਭੇਜੇ ਜਾਣ ਵਾਲੇ ਮੈਸੇਜ ਵਿੱਚ ਵੀ ਇਹ ਦੇਖਣ ਦੀ ਲੋੜ ਹੈ ਕਿ ਅਸੀਂ ਜੋ ਵੀ ਫੋਟੋ, ਵੀਡੀਓ ਜਾ ਕਲਿਪ ਸੈਂਡ ਕਰ ਰਹੇ ਹਾਂ ਉਸ ਦੇ ਨਾਲ ਕੋਈ ਗਲਤ ਸੰਦੇਸ਼ ਤਾਂ ਅੱਗੇ ਨਹੀਂ ਜਾ ਰਿਹਾ ਜਿਸ ਨਾਲ ਕੋਈ ਝੂਠੀ ਅਫਵਾ ਫੈਲ ਰਹੀ ਹੋਵੇ। ਜਿਥੋਂ ਤੱਕ ਆਲੋਚਕਤਾ ਬਹਿਸ ਦਾ ਸਵਾਲ ਹੈ ਉਹ ਤਾਂ ਸਿਰਫ ਲੇਖਕ, ਪੱਤਰਕਾਰ ਤੇ ਬੁੱਧੀਜੀਵੀ ਲੋਕ ਹੀ ਕਰ ਸਕਦੇ ਹਨ। ਫਿਰ ਤਾਂ ਆਮ ਜਨਤਾ ਲਈ ਤਾਂ ਸ਼ੋਸਲ ਮੀਡੀਆ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਆਮ ਲੋਕ ਜੇ ਆਪਣੇ ਬਿਜਨੈਸ ਦੇ ਇਸ਼ਤਿਹਾਰ ਸ਼ੋਸਲ ਮੀਡੀਆ ਤੇ ਦੇ ਕੇ ਫਾਇਦਾ ਉਠਾ ਰਹੇ ਹਨ ਤਾਂ ਇਹ ਆਮ ਲੋਕਾ ਲਈ ਵਰਦਾਨ ਹੈ। ਆਮ ਲੋਕ ਆਪਣੀਆਂ ਕੀਤੀਆ ਗਈਆ ਗਤੀਵਿਧੀਆ, ਆਪਣੀ ਖੁਸ਼ੀ ਗਮੀ ਜੇਕਰ ਸ਼ੋਸਲ ਮੀਡੀਆ ਰਾਹੀਂ ਆਪਣੇ ਸੱਜਣਾਂ ਮਿੱਤਰਾਂ ਨਾਲ ਸ਼ੇਅਰ ਕਰ ਰਹੇ ਹਨ ਤਾਂ ਇਹ ਉਹਨਾਂ ਦੇ ਨਿੱਜੀ ਅਧਿਕਾਰ ਹਨ ਜਿਸ ਜ਼ਰੀਏ ਉਹ ਮਾਨਸਿਕ ਸੰਤੁਸ਼ਟੀ ਹਾਸਲ ਕਰਦੇ ਹਨ।

ਵੈਸੇ ਵੀ ਕਿਹਾ ਜਾਂਦਾ ਹੈ ਕਿ ਖੁਸ਼ੀ ਵੰਡਣ ਨਾਲ ਵਧਦੀ ਹੈ ਅਤੇ ਦੁੱਖ ਵੰਡਣ ਨਾਲ ਘਟਦੇ ਹਨ। ਅੱਜ ਦੇ ਬਿਜੀ ਟਾਈਮ ਵਿੱਚ ਆਪਣੀ ਖੁਸ਼ੀ ਗਮੀ ਸ਼ੋਸਲ ਮੀਡੀਆ ਰਾਹੀਂ ਹੀ ਤਾਂ ਸ਼ੇਅਰ ਕੀਤੀ ਜਾ ਸਕਦੀ ਹੈ। ਨਿੱਜੀ ਤੌਰ 'ਤੇ ਕਿਸੇ ਨੂੰ ਵੀ ਮਿਲ ਕੇ ਦੁੱਖ-ਸੁੱਖ ਸਾਂਝੇ ਕਰਨ ਦਾ ਕਿਸੇ ਕੋਲ ਟਾਈਮ ਕਿਥੇ ਹੈ। ਨਜ਼ਰੀਆ ਆਪੋ ਆਪਣਾ ਹੈ ਜਿਸ ਵੀ ਚੀਜ਼ ਨੂੰ ਜਿਸ ਵੀ ਨਿਗਾ ਨਾਲ ਵੇਖ ਲਵੋ ਉਹ ਉਹੋ ਜਿਹੀ ਹੀ ਨਜ਼ਰ ਆਵੇਗੀ। ਸ਼ੋਸਲ ਮੀਡੀਆ ਦੇ ਉਸਾਰੂ ਪੱਖ ਵੱਲ ਨਜ਼ਰ ਮਾਰੋ ਤਾਂ ਇਹ ਆਪਣੇ ਭੈਣਾਂ ਭਰਾਵਾਂ ਤੇ ਸੱਜਣਾਂ ਮਿੱਤਰਾਂ ਨੂੰ ਇੱਕ ਦੂਸਰੇ ਦੇ ਨੇੜੇ ਰੱਖਣ ਲਈ ਵਰਦਾਨ ਹੀ ਹੈ।

# ਕਿਤੇ ਬੋਲ ਵੇ ਚੰਦਰਿਆ ਕਾਵਾਂ...



ਪੁਰਾਣਾ ਪੰਜਾਬੀ ਲੋਕ-ਕਾਵਿ ਸਾਡੇ ਸਮਾਜਿਕ ਸੱਭਿਆਚਾਰ ਵਰਤਾਰੇ ਦਾ ਇਤਿਹਾਸ ਹੈ। ਪੰਜਾਬੀ ਲੋਕ-ਕਾਵਿ ਵਿੱਚ ਜਨਮ ਤੋਂ ਲੈ ਕੇ ਮਰਨ ਤਕ ਦੀ ਕਾਵਿ- ਵੰਨਗੀ ਮਿਲਦੀ ਹੈ। ਇਸ ਵਿੱਚ ਵਿਆਹ-ਸ਼ਾਦੀ, ਤਿੱਥ ਤਿਉਹਾਰ, ਮੇਲੇ-ਮੁਸਾਹਵੇ, ਫ਼ਸਲਾਂ, ਕੱਪੜੇ, ਗਹਿਣੇ ਅਤੇ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਦੇ ਨਾਲ-ਨਾਲ ਉਨ੍ਹਾਂ ਰਿਸ਼ਤਿਆਂ ਦਾ ਜ਼ਿਕਰ ਵੀ ਮਿਲਦਾ ਹੈ, ਜਿਨ੍ਹਾਂ ਨੂੰ ਸਾਡਾ ਸਮਾਜ ਪ੍ਰਵਾਨ ਨਹੀਂ ਕਰਦਾ। ਮਨੁੱਖੀ ਜੀਵਨ ਨਾਲ ਸਰੋਕਾਰ ਰੱਖਣ ਵਾਲਾ ਕੋਈ ਪੱਖ ਨਹੀਂ ਜੋ ਲੋਕ ਗੀਤਾਂ ਵਿੱਚ ਸ਼ਾਮਲ ਨਾ ਹੋਵੇ।ਰੁੱਤਾਂ ਤੋਂ ਲੈ ਕੇ ਪਸ਼ੂ ਪੰਛੀਆਂ ਦਾ ਜ਼ਿਕਰ ਵੀ ਸਾਡੇ ਮਾਣ-ਮੱਤੇ ਇਸ ਕਾਵਿ ਵਿੱਚ ਪੜ੍ਹਨ ਸੁਣਨ ਨੂੰ ਮਿਲਦਾ ਹੈ। ਬੇਸ਼ੱਕ ਪੰਛੀਆਂ ਵਿੱਚ ਮੋਰ-ਮੋਰਨੀਆਂ, ਤੋਤਾ-ਮੈਨਾ, ਕਬੂਤਰ, ਘੁੱਗੀਆਂ, ਚਿੜੀਆਂ, ਕੋਇਲਾਂ ਕੂੰਜਾਂ, ਤਿੱਤਰ ਅਤੇ ਭੌਰ ਆਦਿ ਦਾ ਵਰਣਨ ਵੀ ਹੈ ਪਰ ਕਾਂ ਵੀ ਇਨ੍ਹਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਹੈ। ਵੱਖਰੀ ਗੱਲ ਹੈ ਕਿ ਕਾਂ ਨੂੰ ਮਨੁੱਖੀ ਜੀਵਨ ਵਿੱਚ ਦੂਜੇ ਪੰਛੀਆਂ ਜਿੰਨੀ ਆਦਰ ਤੇ ਪਿਆਰ ਵਾਲ਼ੀ ਥਾਂ ਨਹੀਂ ਦਿੱਤੀ ਜਾਂਦੀ ਕਿਉਂਕਿ ਇਸ ਦੀ ਆਵਾਜ਼ ਤਿੱਖੀ ਤੇ ਉੱਚੀ ਹੁੰਦੀ ਹੈ। ਦੂਜਾ ਇਹ ਗੰਦ-ਮੰਦ ਵਿੱਚ ਵੀ ਮੂੰਹ ਮਾਰਦਾ ਹੈ ਤੇ ਖਾਣ ਪੀਣ ਵਾਲੀ ਚੀਜ਼ ਵੀ ਚੁੱਕ ਲੈ ਜਾਂਦਾ ਹੈ ਜਾਂ ਖਿਡਾ-ਪੁੰਡਾ ਜਾਂਦਾ ਹੈ। ਬਚਪਨ ਵਿੱਚ ਆਮ ਹੀ ਹੇਕਾਂ ਲਾ ਕੇ ਗਾਉਂਦੇ ਹੋਏ ਬੱਚੇ ਕਾਂ ਨੂੰ ਮਾਰਨ ਦੌੜਦੇ ਤੇ ਕਹਿੰਦੇ:

**"ਮਾਂ ਨੀਂ ਮਾਂ ਕਿੱਡਾ ਵੱਡਾ ਢੋਡਰ ਕਾਂ,**
**ਲੈ ਗਿਆ ਰੋਟੀ ਮੈਂ ਕੀ ਖਾਂ?**
**ਦੇ ਤਾਂ ਸੋਟੀ ਇਸ ਨੂੰ ਲਾਂ।"**

ਮੁੱਢ ਕਦੀਮ ਤੋਂ ਹੀ ਸਵੇਰੇ-ਸਵੇਰੇ ਕਾਂ ਦਾ ਬਨੇਰੇ 'ਤੇ ਬੋਲਣਾ ਬੜਾ ਚੰਗਾ ਸਮਝਿਆ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਲੋਕ ਖ਼ਾਸ ਕਰ ਔਰਤਾਂ ਬਨੇਰੇ 'ਤੇ ਬੋਲਦੇ ਕਾਂ ਨੂੰ ਦੇਖ ਸੁਣ ਕੇ ਖ਼ੁਸ਼ ਹੋ ਜਾਂਦੀਆਂ ਸਨ। ਉਨ੍ਹਾਂ ਨੂੰ ਕਿਸੇ 'ਪਰਾਹੁਣੇ' ਭਾਵ ਮਹਿਮਾਨ ਦੇ ਆਉਣ ਦਾ ਸੰਕੇਤ ਸਮਝਿਆ ਜਾਂਦਾ ਸੀ। ਖ਼ੁਸ਼ੀ ਵਿੱਚ ਕਾਂ ਦੀ ਚੁੰਝ ਸੋਨੇ ਨਾਲ਼ ਮੜ੍ਹਾਉਣ 'ਤੇ ਉਸ ਨੂੰ ਪਿਆਰ ਨਾਲ ਚੂਰੀ ਖਵਾਉਣ ਦੀ ਗੱਲ ਵੀ ਕੀਤੀ ਜਾਂਦੀ:

**"ਉੱਡ ਉੱਡ ਕਾਵਾਂ ਵੇ ਤੈਨੂੰ ਚੂਰੀ ਪਾਵਾਂ"**

ਜਿਨ੍ਹਾਂ ਮੁਟਿਆਰਾਂ ਦੇ ਕੰਤ ਪਰਦੇਸੀ ਹੁੰਦੇ, ਉਹ ਕਾਂ ਰਾਹੀਂ ਆਪਣੇ ਸੁਨੇਹੇ ਘੱਲ ਕੇ ਦਿਲ ਨੂੰ ਧਰਵਾਸ ਦਿੰਦੀਆਂ ਕਹਿੰਦੀਆਂ:

**"ਚੁੰਝ ਤੇਰੀ ਵੇ ਕਾਲਿਆ ਕਾਵਾਂ ਸੋਨੇ ਨਾਲ ਮੜ੍ਹਾਵਾਂ,**
ਜਾ
**ਆਖੀਂ ਮੇਰੇ ਮਾਹੀਏ ਨੂੰ ਨਿੱਤ ਮੈਂ ਔਸੀਆਂ ਪਾਵਾਂ,**
**ਖ਼ਬਰਾਂ ਲਿਆ ਕਾਵਾਂ ਤੈਨੂੰ ਘਿਓ ਦੀ ਚੂਰੀ ਪਾਵਾਂ।"**

ਕੋਈੀ ਬਰਹੋਂਮ ਾਰੀਨ ਾਰਕ ਾਂਨ ਾਲਿ ਸ਼ਕਵਾਕ ਰਦੀ ਕਹਿੰਦੀ ਹੈ:

**"ਝਾਵਾਂ-ਝਾਵਾਂ-ਝਾਵਾਂ,**
**ਜੁੱਤੀ ਮੇਰੀ ਮਖ਼ਮਲ ਦੀ ਮੈਂ ਡਰਦੀ ਪੈਰੀਂ ਨਾ ਪਾਵਾਂ,**
**ਪੁੱਤ ਮੇਰੇ ਸਹੁਰੇ ਦਾ ਲੱਗੀ ਲਾਮ ਤੇ ਲੁਆ ਲਿਆ ਨਾਵਾਂ,**
**ਜਾਂਦਾ ਹੋਇਆ ਦੱਸ ਨਾ ਗਿਆ ਚਿੱਠੀਆਂ ਕਿੱਧਰ ਨੂੰ ਪਾਵਾਂ,**
**ਕੋਇਲਾਂ ਕੂਕਦੀਆਂ ਕਿਤੇ ਬੋਲ ਵੇ ਚੰਦਰਿਆ ਕਾਵਾਂ।"**

ਸਾਡੇ ਸਮਾਜ ਵਿੱਚ ਕੁਝ ਰਿਸ਼ਤੇ ਅਜਿਹੇ ਹਨ ਜਿਨ੍ਹਾਂ ਨੂੰ ਸਦਾ ਹੀ ਨਕਾਰਿਆ ਤੇ ਦੁਰਕਾਰਿਆ ਜਾਂਦਾ ਹੈ ਭਾਵੇਂ ਉਹ ਸੁਹਿਰਦ ਹੀ ਹੋਣ ਪਰ ਕਿਹਾ ਜਾਂਦਾ ਹੈ 'ਬਦ ਨਾਲੋਂ ਬਦਨਾਮ ਬੁਰਾ'। ਅਜਿਹੇ ਰਿਸ਼ਤੇ ਵਿੱਚ ਮਤਰੇਈ ਮਾਂ ਵੀ ਆ ਜਾਂਦੀ ਹੈ ਤੇ ਲੋਕ-ਕਾਵਿ ਚੰਗੇ ਮਾੜੇ ਸਭ ਪੱਖ ਪੇਸ਼ ਕਰਦਾ ਹੈ:

**"ਉੱਡ ਉੱਡ ਕਾਵਾਂ ਵੇ, ਤੇਰੀਆਂ ਲੰਮੀਆਂ ਛਾਵਾਂ,**
**ਮਰਨ ਮਤਰੇਈਆਂ ਵੇ, ਜੁਗ ਜੁਗ ਜੀਣ ਵੇ ਸਕੀਆਂ ਮਾਵਾਂ।"**

ਤੀਆਂ ਦੇ ਗਿੱਧੇ ਦੇ ਗੌਣ ਜਾਂ ਬੋਲੀਆਂ ਹੋਣ ਭਾਵੇਂ ਵਿਆਹ ਸ਼ਾਦੀ ਦੇ ਲੰਮੇ ਗੌਣ, ਹੇਅਰੇ, ਸਿੱਠਣੀਆਂ, ਟੱਪੇ ਜਾਂ ਕੋਈ ਹੋਰ ਕਾਵਿ-ਰੰਗ ਉਨ੍ਹਾਂ ਵਿੱਚ ਤਾਂ ਕਾਂ ਬੋਲਦਾ ਹੀ ਹੈ ਪਰ ਕਈ ਵਾਰ ਕਿਸੇ ਪੰਜਾਬੀ ਗੀਤ ਨੂੰ ਵੀ ਕੁੜੀਆਂ-ਕੱਤਰੀਆਂ ਢੋਲਕ 'ਤੇ ਗਾ ਕੇ ਅਨੋਖਾ ਰੰਗ ਬੰਨ੍ਹ ਦਿੰਦੀਆਂ ਹਨ:

**"ਕੁੱਟ-ਕੁੱਟ ਬਾਜਰਾ ਮੈਂ ਕੋਠੇ ਉੱਤੇ ਪਾਉਨੀ ਆਂ,**
**ਹਾਏ ਨੀਂ ਮਾਂ ਮੇਰੀਏ ਮੈਂ ਕੋਠੇ ਉੱਤੇ ਪਾਉਨੀ ਆ,**
**ਆਉਣਗੇ ਕਾਗ ਉਡਾ ਜਾਣਗੇ,**
**ਸਾਨੂੰ ਦੂਣਾ ਪੁਆੜਾ ਪਾ ਜਾਣਗੇ।"**

ਪੰਜਾਬੀ ਲੋਕ ਗੀਤਾਂ ਵਿੱਚ ਜਿੱਥੇ ਨਾਰਾਂ ਆਪਣੇ ਗੱਭਰੂਆਂ ਨੂੰ ਕਾਂ ਹੱਥ ਸੁਨੇਹੇ ਘੱਲਦੀਆਂ ਹਨ, ਉੱਥੇ ਵਿਜੋਗਣ ਧੀਆਂ ਵੀ ਕਾਂ ਰਾਹੀ ਮਾਪਿਆਂ-ਪੇਕਿਆ ਨੂੰ ਮਨ ਦੀ ਵੇਦਨਾ ਸੁਣਾਉਂਦੀਆਂ ਹਨ:

**"ਉੱਡਦਾ ਤਾਂ ਜਾਵੀਂ ਕਾਵਾਂ,**
**ਬਹਿੰਦਾ ਤਾਂ ਜਾਵੀਂ ਮੇਰੇ ਪੇਕੜੇ,**
**ਇੱਕ ਨਾ ਦੱਸੀਂ ਮੇਰੇ ਬਾਬਲ ਧਰਮੀ ਨੂੰ,**
**ਰੋਊਗਾ ਭਰੀ ਕਚਹਿਰੀ ਨੂੰ ਛੋੜ ਕੇ।"**

ਲੋਕ ਕਾਵਿ ਦੀ ਸਿਰਜਣਾ ਕਰਦਿਆਂ ਜਿਵੇਂ ਮਿਰਜ਼ਾ-ਸਾਹਿਬਾਂ ਦੇ ਸੁਆਲ ਜਵਾਬ ਕਾਂ ਰਾਹੀਂ ਹੁੰਦੇ ਹਨ, ਉਹ ਵੀ ਸ਼ਾਇਰੀ ਦਾ ਉੱਤਮ ਨਮੂਨਾ ਹਨ। ਸਦਕੇ ਜਾਈਏ ਇਨ੍ਹਾਂ ਸਿਰਜਣਹਾਰਿਆਂ ਦੇ ਇਹ ਵੀ ਕੋਈ ਭੁੱਲੇ ਵਿੱਸਰੇ 'ਪੀਲੂ' ਹੀ ਤਾਂ ਹਨ। ਇਹ ਗੌਣ ਆਮ ਨਹੀਂ ਗਾਇਆ ਜਾਂਦਾ ਪਰ ਡਾ: ਕਰਮਜੀਤ ਸਿੰਘ ਦੀ ਪੁਸਤਕ 'ਲੋਕ ਗੀਤਾਂ ਦੀ ਪੈੜ' ਵਿੱਚੋਂ ਇਹ ਗੌਣ ਮਿਲਦਾ ਹੈ, ਵੰਨਗੀ ਲਈ ਕੁਝ ਚੋਣਵੀਆਂ ਸਤਰਾਂ ਪੇਸ਼ ਹਨ:

**"ਉੱਡ ਵੇ ਕਾਲਿਆ ਕਾਗਾ, ਵੇ ਮੈਂ ਵਾਰੀ**
**ਤੂੰ ਤਾਂ ਜਾਈਂ ਮਿਰਜ਼ੇ ਵਾਲੇ ਦੇਸ ਵੇ,**
**ਤੂੰ ਤਾਂ ਜਾਈਂ ਕਹੀ ਮਿਰਜ਼ੇ ਮੇਰੇ ਨੂੰ**
**ਤੂੰ ਤਾਂ ਆਉਣਾ ਤਾਂ ਆਜਾ ਅੱਜ ਵੇ**
**ਤੇਰਾ ਫੇਰ ਨਹੀਂ ਕੋਈ ਹੋਜ ਵੇ।"**

ਇਨ੍ਹਾਂ ਗੌਣਾਂ ਦੀਆਂ ਸਿਰਜਣਹਾਰੀਆਂ ਦੇ ਨਾਂ ਭਾਵੇਂ ਇਤਿਹਾਸ ਅਤੇ ਸਾਹਿਤ ਦੇ ਪੰਨਿਆਂ 'ਤੇ ਕਦੇ ਨਹੀਂ ਉੱਕਰੇ ਜਾਣੇ ਪਰ ਇਹ ਹਰ ਦੌਰ ਵਿੱਚ ਮਨੁੱਖੀ ਮਨਾਂ 'ਤੇ ਉੱਕਰੇ ਜਾਂਦੇ ਰਹਿਣਗੇ। ਕਾਂ ਬਨੇਰੇ ਉੱਤੇ ਹੀ ਨਹੀਂ ਕਿਸੇ ਨਾਜੋ ਦੀ ਸੱਗੀ ਉੱਤੇ ਵੀ ਜਾ ਬੈਠਦਾ ਹੈ ਤੇ ਉਹ ਦੁਹਾਈਆਂ ਦਿੰਦੀ ਕਹਿੰਦੀ ਹੈ:

**"ਕੋਰੇ-ਕੋਰੇ ਸੋਨੇ ਦੀ ਮੈਂ ਸੱਗੀ ਕਰਾਵਾਂ**
**ਉੱਪਰ ਬਹਿ ਗਿਆ ਕਾਂ,**
**ਨੀਂ ਬੇਬੇ ਤੇਜ਼ ਕੁਰੇ ਕੀਹਦਾ ਲਵਾਂਗੇ ਨਾਂ?"**

ਹੋਰ ਕਾਵਿ ਰੂਪਾਂ ਤੋਂ ਬਿਨਾਂ ਸਿੱਠਣੀਆ ਵਿੱਚ ਵੀ 'ਕਾਂ' ਨੂੰ ਉਸ ਦੀ ਬਣਦੀ ਥਾਂ ਦਿੱਤੀ ਜਾਂਦੀ ਹੈ। ਵਿਆਹ ਸਮੇਂ ਦਾਦਕੀਆਂ ਮੁੰਡੇ-ਕੁੜੀ ਦੀਆਂ ਨਾਨਕੀਆਂ ਨੂੰ ਸਿੱਠਣੀ ਦਿੰਦੀਆਂ ਹਨ:

**"ਕਿੱਧਰ ਗਈਆ ਵੇ ਵਿੰਦਰ ਤੇਰੀਆਂ ਨਾਨਕੀਆਂ?**
**ਖਾਧੇ ਸੀ ਮਾਂਹ ਜੰਮੇ ਸੀ ਕਾਂ,**
**ਕਾਂ-ਕਾਂ ਕਰਦੀਆਂ ਵੇ ਵਿੰਦਰ ਤੇਰੀਆਂ ਨਾਨਕੀਆਂ।"**

ਅੱਗੋਂ ਨਾਨਕੀਆਂ ਵੀ ਕਸਰ ਨਹੀਂ ਛੱਡਦੀਆਂ ਤੇ ਜਵਾਬ ਵਿੱਚ ਕਹਿੰਦੀਆਂ ਹਨ:

**"ਕਿੱਧਰ ਗਈਆਂ ਵੇ ਵਿੰਦਰ ਤੇਰੀਆਂ ਦਾਦਕੀਆਂ?**
**ਖਾਧਾ ਸੀ ਸਾਗ ਜੰਮੇ ਸੀ ਕਾਗ,**
**ਕਾਵਾਂ ਰੌਲ਼ੀ ਪਾਉਂਦੀਆਂ ਵੇ ਵਿੰਦਰ ਤੇਰੀਆਂ ਦਾਦਕੀਆਂ।"**

ਬਰਾਤ ਚੜ੍ਹਨ ਵੇਲੇ ਹੇਅਰੇ ਲਾਉਣਾ ਵੀ ਜ਼ਰੂਰੀ ਸ਼ਗਨ ਸਮਝਿਆ ਜਾਂਦਾ ਹੈ ਪਰ ਕਈ ਵਾਰ ਭਾਵੁਕਤਾ ਵਿੱਚ ਆ ਕੇ ਕੋਈ ਅਜਿਹਾ ਹੇਅਰਾ ਲਾ ਦਿੱਤਾ ਜਾਂਦਾ ਹੈ ਜੋ ਖ਼ੁਸ਼ੀ ਦੇ ਮਾਹੌਲ ਨੂੰ ਉਦਾਸੀ ਵਿੱਚ ਡੁਬੋ ਦਿੰਦਾ ਹੈ ਤੇ ਇਸ ਉਦਾਸੀ 'ਚ ਵੀ ਆਉਂਦਾ ਹੈ ਕਾਂ।

ਜਦੋਂ ਵਿਆਹ ਵਾਲੇ ਮੁੰਡੇ ਦੇ ਮਾਂ ਨਾ ਹੋਵੇ ਤਾਂ ਹੇਅਰਾ ਲਇਆ ਜਾਂਦਾ ਹੈ:

**ਚਿੜੀਆਂ ਚੀਂ-ਚੀਂ ਕਰਦੀਆਂ, ਕੋਈ ਪਿਆ ਕਲ਼ਾਵੇ (ਕੁਰਲਾਏ) ਵੇ ਕਾਂ,**
**ਸਾਕ-ਸਕੀਰੀ ਜੁੜ ਖੜੀ ਵਿੱਚ ਹੈ ਨਾ ਵੇ ਵੀਰਨ ਸਾਡਿਆਂ ਵੇ ਮਾਂ।**

ਕਾਂ ਨੇ ਪੰਜਾਬੀ ਲੋਕ-ਕਾਵਿ ਦੀ ਹਰ ਵਿਧਾ ਵਿੱਚ ਬਖ਼ੂਬੀ ਆਪਣੀ ਚੁੰਝ ਫਸਾਈ ਹੈ। ਸਭ ਤੋਂ ਵੱਧ ਕਾਂ ਪੰਜਾਬੀ ਲੋਕ-ਕਾਵਿ ਦੇ ਸੁੰਦਰ ਤੇ ਅਨਿੱਖੜਵੇ ਅੰਗ ਟੱਪਿਆਂ ਜਾਂ ਮਾਹੀਏ ਵਿੱਚ ਆਪਣੀ ਵੱਖਰੀ ਤੇ ਸ਼ਾਨਾਮੱਤੀ ਥਾਂ ਰੱਖਦਾ ਹੈ। ਦੂਜੇ ਵਿਸ਼ਵ ਯੁੱਧ ਵਿੱਚ ਜਦੋਂ ਜਰਮਨ ਨੇ ਘੋਰ ਤਬਾਹੀ ਮਚਾਈ ਤੇ ਘਰਾਂ ਦੇ ਘਰ ਖਾਲ਼ੀ ਕਰ ਦਿੱਤੇ ਤੇ ਜਬਰੀ ਭਰਤੀਆਂ ਕੀਤੀਆਂ ਗਈਆਂ ਤਾਂ ਲੋਕਾਈ ਦੇ ਦਰਦ 'ਚ ਡੁੱਬੀ ਕਿਸੇ ਰੂਹ ਨੇ ਲੋਕ-ਕਾਵਿ ਰਾਹੀਂ ਧਾਹ ਮਾਰੀ। ਇਹ ਟੱਪਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ:

**"ਖੰਭ ਖਿਲਰੇ ਨੇ ਕਾਵਾਂ ਦੇ,**
**ਜਰਮਨ ਬਸ ਕਰ ਵੇ, ਪੁੱਤ ਮੁੱਕ ਚੱਲੇ ਮਾਵਾਂ ਦੇ।"**

ਇਹੋ ਜਿਹਾ ਹੀ ਇੱਕ ਹੋਰ ਟੱਪਾ ਹੋਂਦ ਵਿੱਚ ਆਇਆ। ਟੱਪੇ ਜਾਂ ਮਾਹੀਏ ਦੀ ਖ਼ੂਬੀ ਹੈ ਇਹ ਲੋਕ-ਕਾਵਿ ਵਿੱਚ ਸਮਾ ਜਾਂਦੇ ਹਨ। ਟੱਪੇ ਦੇ ਬੋਲ ਮਿਲਦੇ ਜੁਲਦੇ ਹਨ:

**"ਖੰਭ ਖਿੱਲਰੇ ਨੇ ਕਾਵਾਂ ਦੇ,**
**ਰੋਕ ਲਓ ਨਿਸ਼ਾਨੇਬਾਜੀਆਂ, ਪੁੱਤ ਮੁੱਕ ਚੱਲੇ ਮਾਵਾਂ ਦੇ।"**

ਪੰਜਾਬੀ ਪੁਰਾਤਨ ਲੋਕ-ਕਾਵਿ ਵਿੱਚ ਇੱਕ ਬਹੁਤ ਪੁਰਾਣਾ ਤੇ ਮਨ ਨੂੰ ਟੁੰਬਣ ਵਾਲਾ ਟੱਪਾ ਤਾਂ ਸਦੀਆਂ ਤੋਂ ਲੋਕਾਂ ਦੀ ਪਸੰਦ ਰਿਹਾ ਹੈ ਤੇ ਅੱਜ ਵੀ ਵਿਆਹ-ਸ਼ਾਦੀ ਸਮੇਂ ਇਹ ਟੱਪਾ ਔਰਤਾਂ ਢੋਲਕ 'ਤੇ ਗਾ ਕੇ ਰੰਗ ਬੰਨ੍ਹਦੀਆਂ ਹਨ, ਇਸ ਵਿੱਚ ਤਾਂ ਕਾਂ ਜਿਵੇਂ ਚੌਕੀਦਾਰ ਬਣਦਾ ਹੈ:

**"ਕੋਠੇ ਤੋਂ ਉੱਡ ਕਾਵਾਂ,**
**ਸੱਦ ਪਟਵਾਰੀ ਨੂੰ ਜਿੰਦ ਮਾਹੀਏ ਦੇ ਨਾਂ ਲਾਵਾਂ"**

ਅੱਜ ਰੂਹਾਨੀ ਰਿਸ਼ਤਿਆਂ ਦੀ ਥਾਂ ਸਵਾਰਥ, ਈਰਖਾ, ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਅਤੇ ਹੰਕਾਰ ਵਰਗੇ ਵੱਕਾਰ ਰਿਸ਼ਤਿਆਂ ਦਾ ਘਾਣ ਕਰ ਰਹੇ ਹਨ। ਬਨੇਰੇ 'ਤੇ ਬੋਲਦੇ ਕਾਂ ਦਾ ਨਾ ਕਿਸੇ ਨੂੰ ਧਿਆਨ ਹੈ ਨਾ ਚਾਅ ਕਿਉਂਕਿ ਉਸ ਦੀ ਥਾਂ ਫੋਨ, ਮੋਬਾਈਲ ਜਾਂ ਇੰਟਰਨੈੱਟ ਨੇ ਲੈ ਲਈ ਹੈ ਤੇ ਕਾਂ ਦੀ ਥਾਂ ਇਹ ਮਸ਼ੀਨਾਂ ਸੁਨੇਹੇ ਦਿੰਦੀਆਂ ਹਨ। ਕਿਹਾ ਜਾਂਦਾ ਹੈ ਕਿਸੇ ਵੀ ਚੀਜ਼ ਦਾ ਨਾਸ਼ ਜਾਂ ਬੀਜ ਨਾਸ਼ ਨਹੀਂ ਹੁੰਦਾ। ਮੋਹ-ਮੁਹੱਬਤਾਂ ਵਾਲ਼ੇ ਜਿਊੜੇ ਕਿਤੇ ਨਾ ਕਿਤੇ ਤਾਂ ਵੱਸਦੇ ਹੀ ਹਨ। ਜਿਹੜੇ ਸੱਜਣਾਂ ਦੇ ਵਿਛੋੜੇ ਦੀ ਅੱਗ ਵਿੱਚ ਸੜ ਕੇ ਰਾਖ ਹੋ ਜਾਂਦੇ ਹਨ। ਪੰਜਾਬੀ ਲੋਕ-ਕਾਵਿ ਵਿੱਚ ਧੁਰ ਅੰਦਰ ਤਕ ਚੀਰ ਪਾ ਜਾਣ ਵਾਲਾ ਟੱਪਾ ਲੈ ਕੇ ਕਾਂ ਉੱਡ ਚੱਲਿਆ ਹੈ:

**"ਕੋਈ ਉੱਡਦਾ ਕਾਂ ਜਾਂਦਾ,**
**ਸੱਜਣ ਮੁਕਾ ਜਾਂਦੇ, ਬਣ ਮੌਤ ਦਾ ਪੱਜ ਜਾਂਦਾ।"**

**ਪਰਮਜੀਤ ਕੌਰ ਸਰਹਿੰਦ**
**98728-98599**

# ਸਮਾਜ ਨੂੰ ਇਕ ਚਮਤਕਾਰੀ ਤੋਹਫ਼ਾ

**ਬਲਬੀਰ ਸਿੰਘ ਰਾਜੇਵਾਲ**



ਦੂਰਅੰਦੇਸ਼ ਅਤੇ ਚਿੰਤਕ ਲੋਕ ਦੂਰ ਦੀ ਹੀ ਨਹੀਂ ਸੋਚਦੇ, ਸਗੋਂ ਸਮਾਜ ਖਾਸਕਰ ਆਮ ਆਦਮੀ ਦੇ ਭਵਿੱਖ ਦੀ ਵੀ ਚਿੰਤਾ ਕਰਦੇ ਰਹਿੰਦੇ ਹਨ। ਜੇਕਰ ਅਜਿਹੇ ਲੋਕ ਸਮਰੱਥ ਵੀ ਹੋਣ ਅਤੇ ਉਨ੍ਹਾਂ ਦੇ ਪੱਲੇ ਸੁਮੱਤ ਵੀ ਹੋਵੇ ਤਾਂ ਉਹ ਸਦੀਆਂ ਤੱਕ ਦੀ ਲੋਕਾਈ ਦਾ ਭਲਾ ਵੀ ਕਰ ਜਾਂਦੇ ਹਨ। ਪਿੰਗਲਵਾੜਾ ਦੇ ਬਾਨੀ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਮੇਰੇ ਪਿੰਡ ਰਾਜੇਵਾਲ ਦੇ ਜੰਮਪਲ ਸਨ। ਹਰ ਕੋਈ, ਖਾਸ ਕਰ ਹਰ ਪੰਜਾਬੀ ਉਨ੍ਹਾਂ ਦੀਆਂ ਗਰੀਬਾਂ, ਮਜ਼ਲੂਮਾਂ, ਲੂਲੇ-ਲੰਗੜਿਆਂ ਅਤੇ ਨਿਆਸਰਿਆਂ ਪ੍ਰਤੀ ਅਤੇ ਸਮੁੱਚੀ ਮਾਨਵਤਾ ਪ੍ਰਤੀ ਸੇਵਾਵਾਂ ਤੋਂ ਜਾਣੂ ਹੈ। ਅੱਜ ਮੈਨੂੰ ਯਾਦ ਆਉਂਦਾ ਹੈ ਕਿ ਕਿਵੇਂ ਭਗਤ ਜੀ ਅੱਜ ਤੋਂ ਪੰਜਾਹ ਵਰ੍ਹੇ ਪਹਿਲਾਂ ਵਾਤਾਵਰਨ ਦੇ ਪ੍ਰਦੂਸ਼ਣ ਤੋਂ ਚਿੰਤਤ ਸਨ। ਅੱਜ ਸਾਰੀ ਦੁਨੀਆਂ ਪ੍ਰਦੂਸ਼ਣ ਅਤੇ ਧਰਤੀ ਦੀ ਵਧ ਰਹੀ ਤਪਸ਼ ਤੋਂ ਚਿੰਤਤ ਹੈ। ਭਗਤ ਜੀ ਪੰਜਾਹ ਵਰ੍ਹੇ ਪਹਿਲਾਂ ਲੋਕਾਂ ਨੂੰ ਸੁਚੇਤ ਕਰਨ ਲਈ ਰੱਦੀ ਕਾਗਜ਼ਾਂ ਉਤੇ ਪਿੰਗਲਵਾੜੇ ਦੀ ਪਰੈੱਸ ਵਿਚ ਵਾਤਾਵਰਨ ਸੰਭਾਲਣ ਲਈ ਮੋਟੇ ਅੱਖਰਾਂ ਵਿਚ ਆਪਣੇ ਅਤੇ ਹੋਰ ਵਿਦਵਾਨਾਂ ਦੇ ਲੇਖ ਛਾਪ ਕੇ ਵੰਡਿਆ ਕਰਦੇ ਸਨ। ਇਹੋ ਨਹੀਂ, ਉਹ ਜਦੋਂ ਵੀ ਆਪਣੇ ਪਿੰਡ ਆਉਂਦੇ ਤਾਂ ਉਹ ਕਦੀ ਵੀ ਕਾਰ, ਬੱਸ, ਟਰੱਕ, ਸਕੂਟਰ ਭਾਵ ਪੈਟਰੋਲ, ਡੀਜ਼ਲ ਨਾਲ ਚੱਲਣ ਵਾਲੀ ਕਿਸੇ ਵੀ ਚੀਜ਼ ਉਤੇ ਸਫ਼ਰ ਨਹੀਂ ਸਨ ਕਰਦੇ। ਉਹ ਹਮੇਸ਼ਾ ਟਾਂਗੇ ਜਾਂ ਗੱਡੇ ਜਾਂ ਬਲਦਾਂ ਦੀ ਰੇਹੜੀ ਉਤੇ ਹੀ ਪਿੰਡ ਜਾਇਆ ਕਰਦੇ ਸਨ। ਉਹ ਜਦੋਂ ਵੀ ਗੱਲ ਕਰਦੇ, ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਬੂਟੇ ਲਾਉਣ ਨੂੰ ਕਿਹਾ ਕਰਦੇ।

ਜਪੁਜੀ ਸਾਹਿਬ ਵਿਚ ਗੁਰੂ ਸਾਹਿਬ ਨੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ' ਅਰਥਾਤ 'ਪਵਣੁ' ਨੂੰ ਗੁਰੂ ਅਤੇ 'ਪਾਣੀ' ਨੂੰ ਪਿਤਾ ਕਿਹਾ। ਇਹੋ ਨਹੀਂ ਗੁਰੂ ਸਾਹਿਬ ਨੇ ਇਹ ਵੀ ਉਪਦੇਸ਼ ਦਿੱਤਾ ਕਿ 'ਪਹਿਲਾਂ ਪਾਣੀ ਜੀਉ ਹੈ' ਅਰਥਾਤ ਪਾਣੀ ਹੀ ਜੀਵਨ ਹੈ। ਅੱਜ ਸਾਨੂੰ ਸੜਕਾਂ ਉਤੇ ਭੱਜੀਆਂ ਫਿਰਦੀਆਂ ਲੱਖਾਂ ਕਾਰਾਂ ਤਰੱਕੀ ਦਰਸਾਉਂਦੀਆਂ ਜਾਪ ਰਹੀਆਂ ਹਨ, ਪਰ ਇਨ੍ਹਾਂ ਦੇ ਧੂੰਏਂ ਨੇ ਹਵਾ ਦੂਸ਼ਿਤ ਕਰ ਦਿੱਤੀ ਹੈ। ਇਸ ਵਿਚ ਜ਼ਹਿਰ ਘੋਲ ਦਿੱਤਾ ਹੈ। ਪੈਸੇ ਦੀ ਦੌੜ ਵਿਚ ਕਿਸੇ ਫੈਕਟਰੀ ਵਾਲੇ ਨੂੰ ਚਿੰਤਾ ਨਹੀਂ ਕਿ ਉਸ ਦੀ ਚਿਮਨੀ ਦਾ ਧੂੰਆਂ ਆਪਣੇ ਗੁਰੂ ਪਵਣੁ (ਹਵਾ) ਨੂੰ ਜ਼ਹਿਰੀਲਾ ਕਰ ਰਿਹਾ ਹੈ। ਫੈਕਟਰੀ ਦਾ ਰਸਾਇਣਾਂ ਦਾ ਘੋਲ ਪਾਣੀ ਪਿਤਾ ਨੂੰ ਦੂਸ਼ਿਤ ਕਰ ਰਿਹਾ ਹੈ। ਖੇਤਾਂ ਦੀ ਪਰਾਲੀ ਸਾੜਨ ਵਾਲਿਆਂ ਨੂੰ ਖੇਤ ਸਾਫ਼ ਕਰਨਦ ਾਸ ੌਖਾਢ ੰਗਅ ੱਗਲ ਾਉਣਾਮ ਾਮੂਲੀ ਜਾਪਦਾ ਹੈ, ਪਰ ਉਹ ਇਹ ਨਹੀਂ ਸੋਚਦੇ ਕਿ ਹਵਾ ਦੂਸ਼ਿਤ ਹੋਣ ਨਾਲ ਉਹ ਖ਼ੁਦ ਜਾਂ ਉਨ੍ਹਾਂ ਦਾ ਕੋਈ ਆਪਣਾ ਜ਼ਹਿਰੀਲੀ ਹਵਾ ਕਾਰਨ ਸਾਹ ਰੋਗਾਂ ਨਾਲ ਪੀੜ੍ਹਤ ਹੋ ਜਾਵੇਗਾ। ਅੱਜ ਚਿੰਤਾ ਇਸ ਗੱਲ ਦੀ ਹੈ ਕਿ ਅਸੀਂ ਚਿੰਤਾ ਹੀ ਛੱਡ ਚੁੱਕੇ ਹਾਂ। ਭਵਿੱਖ ਦੀ ਕਿਸੇ ਨੂੰ ਚਿੰਤਾ ਨਹੀਂ। ਬੱਸ ਅੱਖਾਂ ਮੀਚੀ ਪ੍ਰਦੂਸ਼ਣ ਵਧਾਉਣ ਵਿਚ ਪੂਰੀ ਟਿੱਲ ਲਾਈ ਜਾ ਰਹੇ ਹਾਂ। ਅੱਜ ਸਾਡਾ 'ਗੁਰੂ' ਸਾਡੀ ਹਵਾ ਪ੍ਰਦੂਸ਼ਿਤ ਹੋ ਗਈ ਹੈ, 'ਪਾਣੀ' (ਪਿਤਾ) ਜ਼ਹਿਰੀਲਾ ਹੋ ਗਿਆ ਹੈ। ਪੰਜਾਬ ਕੈਂਸਰ ਪੱਟੀ ਬਣ ਰਿਹਾ ਹੈ। ਭਵਿੱਖ ਦਾ ਚਿੰਤਨ ਕੌਣ ਕਰੇਗਾ?



ਅੱਜ ਤੋਂ ਸੱਠ ਸਾਲ ਪੁਰਾਣੀ ਪੀੜ੍ਹੀ ਨੂੰ ਅਸੀਂ ਅਨਪੜ੍ਹ ਕਹਿ ਕੇ ਸਮਾਂ ਟਾਲ ਦਿੰਦੇ ਹਾਂ। ਪਰ ਮੈਨੂੰ ਲੱਗਦਾ ਹੈ, ਉਹ ਪੀੜ੍ਹੀ ਭਵਿੱਖ ਅਤੇ ਸਮਾਜ ਪ੍ਰਤੀ ਕਿਤੇ ਵੱਧ ਗੰਭੀਰ ਅਤੇ ਇਮਾਨਦਾਰ ਹੁੰਦੀ ਸੀ। ਪੁਰਾਣੇ ਬਜ਼ੁਰਗ ਸੱਥਾਂ ਵਿਚ, ਸਾਂਝੀਆਂ ਥਾਵਾਂ ਉਤੇ ਪਿੱਪਲ, ਬਰੋਟਾ (ਬੋਹੜ) ਅਤੇ ਨਿੰਮ ਦੇ ਤਿੰਨੋਂ ਦਰੱਖ਼ਤ ਇਕੋ ਥਾਂ ਲਾ ਕੇ ਇਸ ਨੂੰ ਤ੍ਰਿਵੈਣੀ ਕਿਹਾ ਕਰਦੇ ਸਨ। ਤ੍ਰਿਵੈਣੀ ਲਾਉਣਾ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ। ਅੱਜ ਅਸੀਂ ਉਨ੍ਹਾਂ ਬਜ਼ੁਰਗਾਂ ਦੀਆਂ ਲਾਈਆਂ ਤ੍ਰਿਵੈਣੀਆਂ ਪੁੱਟ ਸੁੱਟੀਆਂ ਹਨ, ਹੋਰ ਤਾਂ ਕੀ ਲਾਉਣੀਆਂ ਸਨ। ਸਾਰਾ ਸਾਲ ਹਰੇ ਰਹਿਣ ਵਾਲੇ ਇਹ ਪਿੱਪਲ, ਬੋਹੜ, ਨਿੰਮ ਦੇ ਦਰੱਖ਼ਤ ਗੂੜ੍ਹੀ ਛਾਂ ਦਿੰਦੇ ਅਤੇ ਸੱਥਾਂ ਦਾ ਸ਼ਿੰਗਾਰ ਬਣਦੇ। ਹਰ ਖੂਹ ਦੀ ਮੌਣ ਲਾਗੇ ਪਿੱਪਲ ਜਾਂ ਬੋਹੜ ਜ਼ਰੂਰ ਹੁੰਦਾ, ਜਿਸ ਦੀ ਛਾਂ ਹੇਠ ਬੈਠ ਕੇ ਜੇਠ-ਹਾੜ੍ਹ ਦੀ ਅੱਗ ਵਰਗੀ ਧੁੱਪ ਤੋਂ ਠੰਢੀ ਸ਼ਾਂਤੀ ਮਿਲਦੀ। ਛਾਂ ਵਿਚ ਬੈਠ ਦੁਪਹਿਰ ਦਾ ਖਾਣਾ ਖਾਂਦੇ ਅਤੇ ਭੋਰਾ ਸੁਸਤਾ ਲੈਂਦੇ। ਹਿੰਦੂ ਮੱਤ ਵਿਚ ਤ੍ਰਿਵੈਣੀ ਲਾਉਣ ਦਾ ਫਲ ਉੱਚਾ ਦਰਸਾਇਆ ਗਿਆ ਹੈ। ਪਰਿਵਾਰਾਂ ਦੀ ਸ਼ੁੱਖ ਸ਼ਾਂਤੀ ਲਈ ਤ੍ਰਿਵੈਣੀ ਦੀ ਪੂਜਾ ਕੀਤੀ ਜਾਂਦੀ, ਜਿਸ ਨੇ ਤ੍ਰਿਵੈਣੀ ਲਾਈ ਹੁੰਦੀ, ਉਸ ਦੇ ਨਾਂ ਦੀ ਹੀ ਤ੍ਰਿਵੈਣੀ ਪੁਕਾਰੀ ਜਾਂਦੀ। ਇਸ ਨਾਲ ਸਾਡਾ ਪੁਰਾਣਾ ਸਭਿਆਚਾਰ ਉਜਾਗਰ ਹੁੰਦਾ।

ਅੱਜ ਅਸੀਂ ਬਿਮਾਰ ਮਾਨਸਿਕਤਾ ਵਿਚ ਜੀਵਨ ਬਤੀਤ ਕਰ ਰਹੇ ਹਾਂ। ਫਿਰ ਵੀ ਕੁਝ

ਭਲੇ ਲੋਕ ਹਨ, ਜੋ ਹੌਂਸਲਾ ਨਹੀਂ ਹਾਰਦੇ। ਲੱਗੇ ਹੋਏ ਹਨ, ਆਪਣੀ ਧੁਨ ਵਿਚ ਮਗਨ, ਸੰਸਾਰ ਦਾ ਭਲਾ ਕਰਨ ਲਈ। ਦਰਿਆਈ ਪ੍ਰਦੂਸ਼ਣ ਦਾ ਕੇਵਲ ਸੰਤ ਬਲਬੀਰ ਸਿੰਘ ਸੀਚੇਵਾਲ, ਉਨ੍ਹਾਂ ਨਾਲ ਜੁੜੇ ਕੁਝ ਲੋਕਾਂ ਜਾਂ ਸਮਾਜ ਪ੍ਰਤੀ ਚਿੰਤਾ ਕਰਨ ਵਾਲੇ ਸੁਹਿਰਦ ਸੋਚ ਦੇ ਮਾਲਕਾਂ ਨੂੰ ਹੀ ਕਿਉਂ ਬੁਖਾਰ ਚੜ੍ਹਿਆ ਹੈ, ਇਨ੍ਹਾਂ ਨੂੰ ਦੂਸ਼ਿਤ ਕਰਨ ਵਾਲਿਆਂ ਨੂੰ ਕਿਉਂ ਨਹੀਂ?

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਰੋਜ਼ਾਨਾ 'ਅਜੀਤ' ਅਤੇ ਉਸ ਦੇ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਨੂੰ ਵੱਧ ਰਹੇ ਪ੍ਰਦੂਸ਼ਣ ਨੇ ਚਿੰਤਤ ਕੀਤਾ ਹੈ। ਇਸੇ ਲਈ ਉਨ੍ਹਾਂ ਨੇ ਹੌਂਸਲੇ ਅਤੇ ਦਲੇਰੀ ਨਾਲ ਪ੍ਰਦੂਸ਼ਣ ਵਿਰੁੱਧ ਜੰਗ ਸ਼ੁਰੂ ਕਰ ਦਿੱਤੀ ਹੈ। ਇਸ ਫ਼ਿਕਰ ਵਿਚੋਂ ਹੀ 'ਅਜੀਤ ਹਰਿਆਵਲ ਲਹਿਰ' ਦਾ ਜਨਮ ਹੋਇਆ ਹੈ। ਇਸ ਲਹਿਰ ਅਧੀਨ ਪਿਛਲੇ ਸਾਲ ਸਾਰੇ ਪੰਜਾਬ ਵਿਚ ਟੀਮਾਂ ਬਣਾ ਕੇ 5 ਲੱਖ ਦਰੱਖ਼ਤ ਪੰਜਾਬ ਨੂੰ ਹਰਾ ਭਰਾ ਬਣਾਉਣ ਲਈ ਲਾਏ ਗਏ। ਇਸ ਸਾਲ ਇਸ ਤੋਂ ਦੋ ਗੁਣਾਂ 10 ਲੱਖ ਬੂਟੇ ਲਾਉਣ ਲਈ ਸਾਰੀਆਂ ਤਿਆਰੀਆਂ ਕੀਤੀਆਂ ਹਨ। ਸਮਾਂ ਮੰਗ ਕਰਦਾ ਹੈ ਕਿ ਹਰ ਪੰਜਾਬੀ ਇਸ ਯੱਗ ਵਿਚ ਆਪਣਾ ਬਣਦਾ ਯੋਗਦਾਨ ਪਾਵੇ। ਗੱਲ ਇਥੇ ਨਹੀਂ ਮੁੱਕਣੀ। ਬੂਟੇ 'ਅਜੀਤ' ਨੇ ਦਿੱਤੇ, ਤੁਸੀਂ ਧਰਤੀ ਵਿਚ ਗੱਡ ਕੇ ਗਿਣਤੀ ਕਰਵਾ ਦਿੱਤੀ-ਬੱਸ ਛੁੱਟੀ। ਨਹੀਂ ਭਲਿਓ ਲੋਕੋ! ਬੂਟੇ ਦੇਕ ੇਤ ੰਓ_ਨ੍ਹਾਂਤ_ਹਾਡੇਓ_ੱਤੇ ਇਕ ਵੱਡੀ ਜ਼ਿੰਮੇਵਾਰੀ ਪਾਈ ਹੈ। ਉਹ ਹੈ ਬੂਟੇ ਨੂੰ ਪਾਣੀ, ਖਾਦ ਆਦਿ ਪਾ ਕੇ, ਸਾਂਭ-ਸੰਭਾਲ ਕਰਕੇ ਦਰੱਖ਼ਤ ਬਣਾਉਣ ਦੀ। ਇਸ ਨੂੰ ਆਪਣੇ ਪੁੱਤਰ ਵਾਂਗ ਪਾਲਣ ਦੀ ਤਾਂ ਜੋ ਉਹ ਦਰੱਖ਼ਤ ਵੀ ਤੁਹਾਡੇ ਪੁੱਤਰ ਵਾਂਗ ਰਿਸ਼ਟ-ਪੁਸ਼ਟ ਅਤੇ ਜਵਾਨ ਹੋਵੇ। ਵੱਡਾ ਹੋ ਕੇ ਤੁਹਾਡੇ ਪੁੱਤਰਾਂ, ਧੀਆਂ, ਪੋਤਰੇ, ਪੋਤਰੀਆਂ, ਦੋਹਤੇ, ਦੋਹਤਰੀਆਂ ਨੂੰ ਜੀਵਨ ਦਾ ਭਰਪੂਰ ਅਨੰਦ ਲੈਣ ਲਈ ਛਾਂ ਦੇਵੇ, ਸਾਫ਼ ਹਵਾ ਦੇਵੇ ਅਤੇ ਇਸ ਬ੍ਰਹਿਮੰਡ ਨੂੰ ਗਰਮੀ ਤੋਂ ਬਚਾ ਕੇ ਠੰਢਾ ਰੱਖੇ। ਇੰਜ ਨਰੋਏ ਦਰੱਖ਼ਤ ਹੀ ਕਰ ਸਕਣਗੇ, ਅੱਜ ਦੇ ਰਸਾਇਣ, ਦਵਾਈਆਂ, ਭੜਕਾਊ ਕੱਪੜੇ ਨਹੀਂ।



ਅੱਜ ਧਰਤੀ ਉੱਤੇ ਵਧ ਰਹੀ ਤਪਸ਼, ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਤੋਂ ਚਿੰਤਤ ਤਾਂ ਸਾਰੀ ਦੁਨੀਆਂ ਦੀਆਂ ਸਰਕਾਰਾਂ ਹਨ, ਪਰ ਇਸ ਦੇ ਟਾਕਰੇ ਲਈ ਯੋਜਨਾਵਾਂ ਕੇਵਲ ਕਾਗ਼ਜ਼ਾਂ ਤੱਕ ਹੀ ਸੀਮਤ ਹਨ। ਪੰਜਾਬ ਵਿਚ ਇਸ ਵੇਲੇ ਸਾਡੇ ਕੁੱਲ ਰਕਬੇ ਦਾ ਕੇਵਲ 3-4 ਫੀਸਦੀ ਹੀ ਜੰਗਲਾਂ, ਬੇਲਿਆਂ ਅਤੇ ਦਰੱਖ਼ਤਾਂ ਦੀ ਛਾਂ ਹੇਠ ਹੈ। ਪੰਜਾਬ ਸਰਕਾਰ ਨੇ ਵੀ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਦੀ ਇਸ ਹਰੀ ਛੱਤਰੀ ਨੂੰ ਹੁਣ ਨਾਲੋਂ ਦੋ ਗੁਣਾਂ ਕਰਨ ਦੀ ਯੋਜਨਾ ਬਣਾਈ ਹੈ। ਇਹ ਯਤਨ ਚੰਗਾ ਹੈ, ਪਰ ਪ੍ਰਾਪਤੀ ਅਮਲਾਂ 'ਤੇ ਹੀ ਨਿਰਭਰ ਕਰੇਗੀ।

ਸਾਡੇ ਦੇਸ਼ ਵਿਚ ਗੱਡੀਆਂ ਅਤੇ ਫੈਕਟਰੀਆਂ ਜਿਵੇਂ-ਜਿਵੇਂ ਵਧੀ ਜਾ ਰਹੀਆਂ ਹਨ, ਉਵੇਂ-ਉਵੇਂ ਹਵਾ ਅਤੇ ਪਾਣੀ ਦਾ ਪ੍ਰਦੂਸ਼ਣ ਵੀ ਵਧੀ ਜਾ ਰਿਹਾ ਹੈ। ਨੀਲੇ ਅੰਬਰ ਵਿਚ ਇਸ ਪ੍ਰਦੂਸ਼ਣ ਤੋਂ ਸਾਨੂੰ ਬਚਾਅ ਕੇ ਰੱਖਣ ਲਈ ਓਜ਼ੋਨ ਪਰਤ ਨੇ ਛੱਤਰੀ ਦਾ ਕੰਮ ਕਰਨਾ ਹੁੰਦਾ ਹੈ। ਸਾਡੀਆਂ ਗ਼ਲਤੀਆਂ ਨੇ ਇਸ ਛੱਤਰੀ ਵਿਚ ਮੋਰੀਆਂ ਨਹੀਂ, ਮਘੋਰੇ ਕਰ ਦਿੱਤੇ ਹਨ। ਇਸੇ ਲਈ ਸੂਰਜ ਦੀਆਂ ਕਿਰਨਾਂ ਬਿਨਾਂ ਰੋਕ-ਟੋਕ ਧਰਤੀ ਤੱਕ ਪੁੱਜ ਕੇ ਵਾਤਾਵਰਨ ਵਿਚ ਵਧੇਰੇ ਗਰਮੀ ਪੈਦਾ ਕਰ ਰਹੀਆਂ ਹਨ। ਜੇ ਹਾਲਾਂ ਵੀ ਨਾ ਸੰਭਲੇ ਤਾਂ ਸਭ ਤੋਂ ਪਹਿਲਾਂ ਸੂਖਮ ਪ੍ਰਵਿਰਤੀ ਵਾਲੀਆਂ ਸਾਡੀਆਂ ਫਸਲਾਂ ਨਹੀਂ ਬਚ ਸਕਣਗੀਆਂ। ਫਿਰ ਅੰਨ ਸੰਕਟ ਪੈਦਾ ਹੋ ਜਾਵੇਗਾ। ਜਾਨਵਰਾਂ-ਕੀੜਿਆਂ ਆਦਿਦ ਿਆਂਬ ਹੁਤਸ ਾਰੀਆਂਪ ਰਜਾਤੀਆਂਖ ਤਮਹ ੋਜ ਾਣਗੀਆਂ। ਸਾਡੇ ਸਾਹਮਣੇ ਮਿਸਾਲ ਹੈ, ਵੱਡੇ ਦਰੱਖ਼ਤ, ਜਿਨ੍ਹਾਂ ਉੱਪਰ ਪੰਛੀ ਆਲ੍ਹਣੇ ਪਾ ਲਿਆ ਕਰਦੇ ਸਨ, ਉਨ੍ਹਾਂ ਨੂੰ ਵੱਢ ਦੇਣ ਕਾਰਨ ਬਹੁਤ ਸਾਰੀਆਂ ਚਿੜੀਆਂ ਦੀਆਂ ਨਸਲਾਂ, ਗਿੱਧਾ ਆਦਿ ਅੱਜ ਦੇਖਣ ਨੂੰ ਨਹੀਂ ਮਿਲਦੀਆਂ। ਮਨੁੱਖੀ ਸਿਹਤ ਉੱਤੇ ਮਾਰੂ ਅਸਰ ਪੈਣਗੇ। ਧਰਤੀ ਦਾ ਚਿਹਰਾ ਹੀ ਕਰੂਰ ਹੋ ਜਾਏਗਾ।

'ਅਜੀਤ ਹਰਿਆਵਲ ਲਹਿਰ' ਦੇ ਬੂਟੇ ਲਾਓ ਅਤੇ ਪਾਲੋ-ਪੋਸੋ ਤਾਂ ਜ਼ਰੂਰ ਪਰ ਆਪ ਵੀ ਕੁਝ ਹੋਰ ਵੱਧ ਕਰੋ। ਹਰ ਪਿੰਡ ਦੇ ਟੋਭਿਆਂ, ਸੱਥਾਂ, ਹਰ ਟਿਊਬਵੈਲ ਉਤੇ ਹਰ ਮਨੁੱਖ ਘੱਟੋ-ਘੱਟ ਇਕ ਪਿੱਪਲ, ਬਰੋਟੇ ਅਤੇ ਨਿੰਮ ਦੇ ਦਰੱਖ਼ਤਾਂ ਦੀ ਤ੍ਰਿਵੈਣੀ ਲਾ ਕੇ ਉਸ ਦੀ ਸਾਂਭ-ਸੰਭਾਲ ਅਤੇ ਪਾਲਣ ਦਾ ਪ੍ਰਬੰਧ ਕਰੇ। ਨਹਿਰਾਂ ਦੇ ਦੋਵੇਂ ਪਾਸੀਂ ਉਪਜਾਊ ਮਿੱਟੀ ਹੁੰਦੀ ਹੈ। ਸਰਕਾਰ ਉਥੇ ਅੰਬ, ਜਾਮਣ ਅਤੇ ਬਿੱਲ ਦੇ ਸਾਰਾ ਸਾਲ ਹਰੇ-ਭਰੇ ਰਹਿਣ ਵਾਲੇ ਦਰੱਖ਼ਤ ਲਾਵੇ। ਖੇਤੀਬਾੜੀ ਯੂਨੀਵਰਸਿਟੀ ਨੇ ਬਿੱਲ ਦੇ ਦਰੱਖ਼ਤ ਦੀ ਇਕ ਨਵੀਂ ਕਿਸਮ ਤਿਆਰ ਕੀਤੀ ਹੈ। ਇਸ ਦਰੱਖ਼ਤ ਅਤੇ ਇਸ ਦੇ ਫਲ ਨੂੰ ਚੋਰੀ ਜਾਂ ਜਾਨਵਰਾਂ ਦੇ ਖਾਣ ਦਾ ਵੀ ਕੋਈ ਡਰ ਨਹੀਂ। ਇਹ ਨਹਿਰਾਂ, ਰਜਬਾਹਿਆਂ ਦੇ ਕੰਢੇ ਲਾਏ ਜਾ ਸਕਦੇ ਹਨ। ਹਰ ਸਕੂਲ ਵਿਚ ਸ਼ਾਨਦਾਰ ਦਰੱਖ਼ਤ ਅਤੇ ਬੂਟੇ ਲਾ ਕੇ ਪਾਲੇ ਜਾਣ। ਸਾਰੀਆਂ ਲਿੰਕ ਸੜਕਾਂ ਦੁਆਲੇ ਕਿਸਾਨ ਪਾਪੂਲਰ ਜਾਂ ਹੋਰ ਬੂਟੇ ਲਾਉਣ। ਸਰਕਾਰ ਜੇਕਰ ਇਨ੍ਹਾਂ ਬੂਟਿਆਂ ਨੂੰ ਪਾਲਣ ਅਤੇ ਵੱਢਣ ਦਾ ਹੱਕ ਕਿਸਾਨ ਨੂੰ ਦੇ ਦੇਵੇ ਤਾਂ ਸਾਰੀਆਂ ਲਿੰਕ ਸੜਕਾਂ ਹਰੀਆਂ-ਭਰੀਆਂ ਹੋ ਜਾਣਗੀਆਂ। ਇਸ ਦੀ ਮਾਲਕੀ ਦਾ ਹੱਕ ਕਿਸਾਨਾਂ ਨੂੰ ਸ਼ਰਤਾਂ ਅਧੀਨ ਹੀ ਦਿੱਤਾ ਜਾਵੇ। ਸਭ ਤੋਂ ਪਹਿਲਾਂ ਤਾਂ ਉਸ ਨੂੰ ਪਾਲਣ ਅਤੇ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਉਸ ਕਿਸਾਨ ਦੀ ਹੋਵੇ।

ਦੂਜੇ ਬੂਟਾ ਤਿੰਨ ਸਾਲ ਦਾ ਹੋ ਜਾਣ ਤੋਂ ਬਾਅਦ ਉਸ ਦੇ ਨਾਲ ਇਕ ਨਵਾਂ ਬੂਟਾ ਹੋਰ ਹਰ ਹਾਲਤ ਵਿਚ ਲਾਇਆ ਜਾਵੇ ਤਾਂ ਜੋ ਪੰਜ ਸਾਲ ਬਾਅਦ ਪਹਿਲੇ ਬੂਟੇ ਨੂੰ ਵੱਢਣ ਸਮੇਂ ਉਸ ਦੇ ਨਾਲ ਦਾ ਨਵਾਂ ਬੂਟਾ ਫਿਰ ਤਿਆਰ ਹੋਵੇ। ਕਿਸਾਨਾਂ ਨੂੰ ਬੂਟੇ ਲਾਉਣ ਲਈ ਸਬਸਿਡੀ ਉਤੇ ਚੰਗੀ ਨਸਲ ਦੇ ਬੂਟੇ ਦਿੱਤੇ ਜਾਣ। ਇਹ ਬੂਟੇ ਦਰੱਖ਼ਤ ਬਣ ਕੇ ਸਾਡੇ ਸਾਹ ਲੈਣ ਲਈ ਹਵਾ ਨੂੰ ਸਾਫ਼ ਕਰਨਗੇ। ਸਭ ਤੋਂ ਵੱਧ ਸੰਤੁਸ਼ਟੀ ਅਤੇ ਮਾਨਸਿਕ ਸ਼ਾਂਤੀ ਦੀ ਬਖਸ਼ਿਸ਼ ਅਤੇ ਖੁਰਾਕ 'ਅਜੀਤ ਹਰਿਆਵਲ ਲਹਿਰ' ਦੇ ਬਾਨੀ ਅਤੇ ਉਸ ਨੂੰ ਕਾਮਯਾਬ ਕਰਨ ਵਾਲੀ ਸ਼ੁੱਭਚਿੰਤਕ ਫ਼ੌਜ ਨੂੰ ਪ੍ਰਦਾਨ ਕਰਨਗੇ ਜੋ ਇਸ ਨੂੰ ਕਾਮਯਾਬੀ ਨਾਲ ਨੇਪਰੇ ਚਾੜ੍ਹਨਾ ਲੋਚਦੇ ਹਨ।

# ਕਾਵਿ-ਕਿਆਰੀ

## ਮੁਕਾਮੀਂ ਰੱਬ : ਰਾਜਸੀ ਨੇਤਾ

ਲੋਕ ਕਹਿੰਦੇ ਨੇ, ਰੱਬ ਬੋਲਦਾ ਕੂੰਦਾ ਨਹੀਂ,
ਪਰ ਮੇਰਾ ਹੈ, ਮੇਰੇ ਨਾਲ ਰੱਬ ਰੁੱਸਿਆ।

ਸੱਚੇ ਸੁੱਚੇ ਨੂੰ, ਉਹ ਮੂੰਹ ਲਾਉਂਦਾ ਨਹੀਂ,
ਹਉਂ ਹੈਂਕੜ 'ਚ ਰਹਿੰਦੈ, ਸਦਾ ਗਰੱਸਿਆ।

ਕੋਈ ਸੁਹਿਰਦ ਵੀ, ਉਸ ਨੂੰ ਭਾਉਂਦਾ ਨਹੀਂ,
ਉਹ ਸਾਊਆਂ ਨੂੰ ਵੀ ਮੱਥੇ ਲਾਉਂਦਾ ਨਹੀਂ।

ਤਾਹੀਉਂ ਇਨ੍ਹਾਂ ਨੂੰ, ਮੁਕਾਮੀਂ ਰੱਬ ਕਹਿੰਦੇ ਨੇ,
ਕੁਝ ਰਾਜ-ਭਾਗ ਦਾ ਵੀ ਸਬੱਬ ਕਹਿੰਦੇ ਨੇ।

ਇਨ੍ਹਾਂ ਰੱਬਾਂ ਦੀ ਹੈ ਭਰਮਾਰ ਹੋ ਰਹੀ,
ਚੜ੍ਹਤ-ਬੜ੍ਹਤ ਵੀ ਹੈ, ਬੇਮੁਹਾਰ ਹੋ ਰਹੀ।

ਨਿੱਜੀ ਹਿੱਤ ਜਦ ਇਨ੍ਹਾਂ ਦੇ ਟਕਰਾਉਂਦੇ ਨੇ,
ਕਾਰੇ ਨਿਆਰੇ ਕਰਨ ਤੋਂ ਨਾ, ਘਬਰਾਉਂਦੇ ਨੇ।

ਸਰਬ ਵਿਆਪਕ ਤੋਂ, ਜੋ ਅੱਜ ਦੂਰ ਹੋ ਰਹੇ,
ਇਹ ਮੁਕਾਮੀਂ ਉਨ੍ਹਾਂ ਲਈ, ਕੋਹਤੂਰ ਹੋ ਰਹੇ।

ਮੀਣਾ ਮੀਸਣਾ ਬਣ ਜੋ, ਸ਼ਰਨ ਆਇਆ ਹੈ,
ਉਹ ਸੁਨਾਮੀਂ ਬਣ, ਹਰ ਤਰਫ਼ ਛਾਇਆ ਹੈ।

ਸ਼ਾਸਨ ਪ੍ਰਸ਼ਾਸਨ ਇਨ੍ਹਾਂ ਦਾ ਪਾਣੀ ਭਰਦਾ ਹੈ,
ਦੂਹਰਾ ਤੀਹਰਾ ਹੋ ਹੋ, ਸੱਜਦੇ ਕਰਦਾ ਹੈ।

ਇਹ ਉਠਕ ਬੈਠਕ, ਇਨ੍ਹਾਂ ਨੂੰ ਵਾਰਾ ਖਾਂਦੀ ਹੈ,
ਅੱਗੋਂ ਉਹ ਵੀ, ਪੰਜਾਂ ਦਾ ਲਾਰਾ ਲਾਉਂਦੀ ਹੈ।

ਮੁਕਾਮੀਂ ਰੱਬ ਵੀ ਅੱਜ ਨੀਤੀਵਾਨ ਹੋ ਗਿਐ,
ਨੀਤੀਵਾਨਾਂ ਵਾਂਗ ਹੀ ਸਿਆਸਤਦਾਨ ਹੋ ਗਿਐ।

ਰਾਜਨੀਤੀ ਵੀ, ਇਨ੍ਹਾਂ ਦੀ ਤਾਣੀ ਤਣਦੀ ਹੈ,
ਇਸ ਸ਼ਹਿ ਤੇ ਹੀ, ਉਹ ਉਡਵਾਇਰ ਡਾਇਰ ਬਣਦੀ ਹੈ।

ਤੂੰ ਮੇਰਾ ਬਾਈ ਮੈਂ ਤੇਰਾ ਬਾਈ, ਦੇ ਤੰਤਰ ਨਾਲ,
ਦੋਵੇਂ ਥਾਉਂ ਥਾਂਈ, ਲੁਕਾਈ ਨੂੰ ਜਾਂਦੇ ਮੂਰਖ ਬਣਾਈ।

ਇਸ ਕਾਰਗੁਜ਼ਾਰੀ ਦੇ ਕਾਰੀਗਰ, ਏਸੇ ਜੂਠੇ ਝੂਠੇ,
ਇਕਨਾਂ ਨੂੰ ਨਿੱਤ ਪ੍ਰੀਤੀ-ਭੋਜਨ, ਇਕਨਾਂ ਦੇ ਹੱਥ ਖਾਲੀ ਠੂਠੇ।

ਅਰਸ਼ੀ ਤੇ ਫ਼ਰਸ਼ੀ ਦਾ ਅੱਜ ਥਾਂ-ਥਾਂ ਤਕਰਾਰ ਹੈ,
ਅਰਸ਼ੀ ਵਿਚਾਰਾ ਕੱਲਾ-ਕਾਰਾ, ਘਰ ਵਿਚ ਹੀ ਗ੍ਰਿਫ਼ਤਾਰ ਹੈ।

ਏਨਾ ਕੁਝ ਵਾਪਰਨ ਤੇ, ਕੁਝ ਹੋਰ ਕਹਿਣਾ ਹੁਣ ਯੋਗ ਨਹੀਂ,
ਸ਼ਬਦ ਗੁਰੂ ਚੁਰਾਏ ਦਾ ਅੱਜ ਤਕ, ਪਾਇਆ ਕਿਉਂ ਭੋਗ ਨਹੀਂ।

ਰਾਜ-ਭਾਗ ਅੱਜ ਦੁਸ਼ਟਾਂ ਦਾ, ਪੱਖ ਪੂਰ ਰਿਹਾ ਹੈ,
ਪਰਖ ਘੜੀ ਸਿਰ ਖੜ੍ਹੀ, ਕਹਿ ਮਹਾਂਪੁਰਸ਼ਾਂ ਨੂੰ ਘੂਰ ਰਿਹਾ ਹੈ।

ਮੁਕਾਮੀਂ ਰੱਬ ਰਾਜਸੀ ਨੇਤਾ, ਵੇਖਣ ਨੂੰ ਭਾਵੇਂ ਵੱਖੋ-ਵੱਖ ਨੇ,
ਸੰਕਟ ਵਿਚ ਇਕ ਦੂਜੇ ਦਾ, ਹੱਥ ਵਟਾਉਂਦੇ ਝੱਟ ਲੱਖ ਨੇ।

ਧਰਮੀ ਤੇ ਰਾਜਸੀ ਰਹਿਬਰ, ਆਪਸ ਵਿਚ ਸੱਭ ਰਲੇ ਹੋਏ ਨੇ,
ਇਨ੍ਹਾਂ ਦੇ ਨਿੱਜੀ ਮੁਫਾਦ, ਇੱਕੋ ਟਕਸਾਲ ਦੇ ਢਲੇ ਹੋਏ ਨੇ।

ਇਹ ਕਮੀਣੇ ਖ਼ੂਨ ਪੀਣੇ, ਮਾਸੂਮਾਂ ਨੂੰ ਭਰਮਾਉਂਦੇ ਨੇ,
ਵੱਸਦਿਆਂ ਨੂੰ ਉਜਾੜਦੇ ਨੇ, ਫਿਰ ਉਜੜਿਆਂ ਨੂੰ ਲੜਾਉਂਦੇ ਨੇ।

ਇਹ ਮੁਕਾਮੀਂ ਰੱਬ, ਰਾਜਸੀ ਨੇਤਾ, ਸਮਾਜ ਕੌਮ ਦੇ ਤੱਤਵੇਤਾ,
ਰੱਬ ਕਰੇ ! ਜ਼ਿਹਨ-ਜ਼ਮੀਰ ਦੀ ਨਾ ਕਰਨ ਖਰੀਦ, ਨਾ ਬਣਨ ਵਿਕਰੇਤਾ।



**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**98153-03206**

*****

## ਮੀਆਂ ਮੀਰ ਉਦਾਸ ਖੜ੍ਹਾ ਹੈ

ਹਰਿਮੰਦਰ ਦੀ ਨੀਂਹ ਦੇ ਲਾਗੇ,
ਮੀਆਂ ਮੀਰ ਉਦਾਸ ਖੜ੍ਹਾ ਹੈ।
ਚਹੁੰ ਸਦੀਆਂ ਦੇ ਪੈਂਡੇ ਮਗਰੋਂ,
ਅੱਜ ਉਹ ਸਾਨੂੰ ਇਉਂ ਪੁੱਛਦਾ ਹੈ?

ਚਹੁੰ ਬੂਹਿਆਂ ਦੇ ਵਾਲਾ ਮੰਦਰ ਇਹ ਹਰਿਮੰਦਰ।
ਝਾਤੀ ਮਾਰੋ ਆਪੇ ਵੇਖੋ ਆਪਣੇ ਅੰਦਰ।
ਕੋਈ ਕੋਈ ਬੂਹਾ ਕਿਸੇ ਲਈ ਕਿਉਂ ਬੰਦਾ ਕਰਦੇ ਹੋ?
ਸਰਬਕਾਲ ਦੀ ਜੋਤ ਨਿਰੰਤਰ
ਇਸ ਅੱਗੇ ਕਿਉਂ ਕੰਧ ਕਰਦੇ ਹੋ?

ਸੁਣ ਲਉ ਪੁੱਤਰੋ! ਤੁਹਾਡੇ ਵਿਰਸੇ ਦਾ ਮੈਂ ਸੋਹਣਿਓਂ,
ਚਸ਼ਮਦੀਦ ਖ਼ੁਦ ਆਪ ਗਵਾਹ ਹਾਂ।
ਅਰਜਨ ਗੁਰ ਸੀ ਮੇਰੀ ਧੜਕਣ,
ਤੇ ਮੈਂ ਉਸਦੇ ਜਿਸਮ 'ਚ ਤੁਰਦੀ ਤੋਰ ਨਿਰੰਤਰ,
ਵਾਹਿਗੁਰੂ, ਅੱਲ੍ਹਾ, ਰਾਮ ਦਾ ਦਮ ਦਮ ਤੁਰਦਾ ਸਾਹ ਹਾਂ।

ਸੱਚੇ ਗੁਰ ਦਾ ਨਾਮ ਜਪਦਿਆਂ,
ਜਿੰਨ੍ਹਾਂ ਸਾਰੀ ਉਮਰ ਬਿਤਾਈ।
ਬੂਹੇ ਤੋਂ ਕਿਉਂ ਮੋੜੋ ਭਾਈ।
ਇੱਕ ਗੱਲ ਪੱਕੀ ਪੱਲੇ ਬੰਨ੍ਹੋ!
ਹਿੰਦੂ ਮੁਸਲਿਮ ਸਿੱਖ ਕਦੇ ਨਾ ਹੋਣ ਰਬਾਬੀ।
ਰੱਬ ਦੇ ਘਰ ਦੀ ਸੱਜਣੋਂ ਏਹੀ ਲੋਕ ਨੇ ਚਾਬੀ।

ਮੰਨਿਆ! ਹਾਕਮਾਂ ਗ਼ਰਜ਼ਾਂ ਲਈ ਪੰਜਾਬ ਤਰੇੜੇ।
ਕਹਿਰ ਖ਼ੁਦਾ ਦਾ ਬਾਣੀ ਅਤੇ ਰਬਾਬ ਨਿਖੇੜੇ।
ਮਰਦਾਨੇ ਨੂੰ ਨਾਨਕ ਨਾਲੋਂ ਵੱਖਰਾ ਕਰਕੇ,
ਕਿਹੜੇ ਰੱਬ ਨੂੰ ਖ਼ੁਸ਼ ਕਰਦੇ ਹੋ?

ਆਪੋ ਆਪਣੇ ਪਾਪਾਂ ਦੀ ਥਾਂ,
ਰਾਗ, ਕਲਾ ਤੇ ਖ਼ੁਸ਼ਬੂ ਕੋਲੋਂ ਕਿਉਂ ਡਰਦੇ ਹੋ।
ਸੂਰਤ ਨੂੰ ਸੱਚ ਮੰਨੋ, ਰੱਖੋ ਸੀਰਤ ਪੱਲੇ।
ਥਿੜਕ ਗਏ ਤਾਂ ਰਹਿ ਜਾਵੋਗੇ ਕੱਲ ਮੁਕੱਲੇ।
ਰਾਵੀ ਪਾਰੋਂ ਸਾਜ਼ਾਂ ਅਤੇ ਆਵਾਜ਼ਾਂ ਵਾਲੇ,
ਇਹ ਨਹੀਂ ਵਣਜ ਕਮਾਵਣ ਆਏ।
ਇਹ ਤਾਂ ਭਾਈ ਲਾਲ ਅਮੁੱਲੇ,
ਰਾਤ ਹਨ੍ਹੇਰੀ ਵੇਲੇ ਚਾਨਣ ਵੰਡਣ ਆਏ।
ਸਾਂਝੇ ਰੱਬ ਦੀ ਸੱਚੀ ਬਾਣੀ,
ਓਸੇ ਦੇ ਹੀ ਦਰ ਵਿਚ ਬਹਿ ਕੇ,
ਬੋਲ ਅਗੰਮੀ ਗਾਵਣ ਆਏ।
'ਚੰਨ' ਦੀ ਚਾਨਣੀ ਵੱਲੋਂ ਕਿਉਂ ਜੇ ਮੂੰਹ ਪਰਤਾਏ।
ਘਰ ਨੂੰ ਕੁੰਡੇ ਜੰਦਰੇ ਲਾਏ।

ਸ਼ਬਦ ਸੁਰਤਿ ਤੋਂ ਸੱਖਣਾ ਸ਼ਖ਼ਸ਼ ਅਮੀਰ ਨਹੀਂ ਹੈ?
ਰੱਬ ਦਾ ਘਰ ਇਹ ਕਿਸੇ ਲਈ ਜਾਗੀਰ ਹੈ?
ਯਤਨ ਕਰੋ ਕਿ ਨੇਰ੍ਹੇ ਦਾ ਪ੍ਰਕਾਸ਼ ਨਾ ਹੋਵੇ।
ਸਾਂਝੀ ਧੜਕਣ ਜੀਵੇ, ਕਦੇ ਵਿਨਾਸ਼ ਨਾ ਹੋਵੇ।

ਜਿਸ ਧਰਤੀ ਤੋਂ ਉਹ ਆਏ ਸੀ,
ਓਥੇ ਵੀ ਫੁੱਲਾਂ ਦੀ ਇਹ ਹੈ ਫ਼ਸਲ ਅਖ਼ੀਰੀ।
ਦੋਹੀਂ ਪਾਸੀਂ ਭਾਰੂ ਅੱਜ 'ਪੀਰੀ' ਪੁਰ ਮੀਰੀ।

ਚਹੁੰ ਵਰਣਾਂ 'ਚੋਂ ਜਿਹੜਾ ਵੀ ਰੱਬ ਦਾ ਨਾਂ ਗਾਵੇ।
ਉਸਨੂੰ ਆਪਣੇ ਕੰਠ ਲਗਾਉ।
ਦਸ ਗੁਰੂਆਂ ਤੇ ਗ੍ਰੰਥ ਪੰਤ ਦੀ ਵੇਲ ਵਧਾਉ।
ਸੁਣੋ! ਸੁਣਾਵਾਂ ਗੁਰ ਅਰਜਨ ਦੇ ਬਰਖ਼ੁਰਦਾਰੋ!
ਲਾਲ ਰਬਾਬੀ, ਚਾਂਦ ਜਿਹਾਂ ਨੂੰ, 'ਵਾਜਾਂ ਮਾਰੋ।
ਹਰਿਮੰਦਰ ਦੀ ਨੀਂਹ ਦੇ ਲਾਗੇ,
ਮੀਆਂ ਮੀਰ ਉਦਾਸ ਖੜ੍ਹਾ ਹੈ।
ਡੌਰ ਭੌਰਿਆ ਪਰਿਕਰਮਾ ਵੱਲ ਵੇਖ ਰਿਹਾ ਹੈ।

**ਗੁਰਭਜਨ ਗਿੱਲ**

* * * *

## ਯਾਦਾਂ ਦਾ ਝੌਂਕਾ

ਇਹਨਾਂ ਗੁੰਮਨਾਮ ਵਾਦੀਆਂ ਵਿੱਚ,
ਮੈਨੂੰ ਅਵਾਜ਼ ਨਾ ਦੇਣਾ,
ਕਿ ਦਰਦ ਪਿਘਲ ਕੇ–
ਸੈਲਾਬ ਬਣ ਜਾਏਗਾ!
ਤਪਦੀਆਂ ਯਾਦਾਂ ਦਾ ਇੱਕ ਝੌਂਕਾ –
ਖ਼ਿਆਲਾਂ ਦੇ ਪਰ
ਫੜਫੜਾ ਜਾਏਗਾ!
ਅਸੀਂ ਹਨੇਰਿਆਂ 'ਚ
ਚੱਲਦੇ–ਚੱਲਦੇ –
ਸਦਾ ਚਾਂਦਨੀ ਦੇ ਗੀਤ ਗਾਏ –
ਪਰ ਹੁਣ ਸਾਡਾ ਹਰ ਗੀਤ –
ਸੀਤ ਬਰਫ਼ ਬਣ ਕੇ,
ਨਦੀਆਂ ਦੇ ਵਹਿਣਾਂ 'ਚ ਵਹਿ ਜਾਏਗਾ!
ਤੇਰੇ ਨੈਣਾਂ 'ਚ ਡੁੱਬੀ
ਉਦਾਸੀ ਨੂੰ ਵੇਖ ਕੇ
ਆਪਣੀਆਂ ਹੀ ਸਤਰਾਂ 'ਚ ਗੁੰਮ ਹੋ ਜਾਏਗਾ!
ਕਿ ਪਰਵਾਜ਼ ਲਈ,
ਮੁੜ ਫਿਰ ਇਸ ਅੰਜੁਮਨ ਵਿੱਚ –
ਕਦੇ ਨਾ ਆਏਗਾ...

**ਅਮਰਦੀਪ ਸਿੰਘ**

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

# ਫਾਇਦੇਮੰਦ ਹੈ ਤੇਲ ਮਾਲਿਸ਼



ਤੇਲ ਮਾਲਿਸ਼ ਚਮੜੀ ਦੀ ਖੂਬਸੂਰਤੀ ਦੇ ਨਾਲ-ਨਾਲ ਸਿਹਤ ਨੂੰ ਵੀ ਠੀਕ ਰੱਖਦੀ ਹੈ। ਮਾਲਿਸ਼ ਕਰਨ ਨਾਲ ਸਰੀਰ ਵਿਚ ਖੂਨ ਦਾ ਸੰਚਾਰ ਠੀਕ ਢੰਗ ਨਾਲ ਹੁੰਦਾ ਹੈ ਜਿਸ ਨਾਲ ਸਾਡੀ ਸਰੀਰਕ ਤਾਕਤ ਵਧਦੀ ਹੈ। ਮਾਲਿਸ਼ ਦਾ ਲਾਭ ਸਰਦੀਆਂ ਵਿਚ ਇਸ ਲਈ ਠੀਕ ਹੈ ਕਿਉਂਕਿ ਸਰਦੀਆਂ ਵਿਚ ਚਮੜੀ ਅਤੇ ਵਾਲ ਠੰਢੀਆਂ ਹਵਾਵਾਂ ਦੇ ਕਾਰਨ ਬੇਜਾਨ ਪੈ ਜਾਂਦੇ ਹਨ। ਮਾਲਿਸ਼ ਨਾਲ ਵਾਲਾਂ ਦੀ ਖੁਸ਼ਕੀ ਦੂਰ ਹੁੰਦੀ ਹੈ ਤੇ ਉਨ੍ਹਾਂ ਵਿਚ ਚਮਕ ਆਉਂਦੀ ਹੈ।

ਮਨ ਵਿਚ ਕਈ ਵਾਰ ਇਹ ਪ੍ਰਸ਼ਨ ਉੱਠਦਾ ਹੈ ਕਿ ਸਰਦੀਆਂ ਵਿਚ ਕਿਹੜੇ ਤੇਲਾਂ ਦੀ ਵਰਤੋਂ ਅਸੀਂ ਮਾਲਿਸ਼ ਲਈ ਕਰ ਸਕਦੇ ਹਾਂ ਜਿਸ ਨਾਲ ਚਮੜੀ ਚਮਕਦਾਰ ਬਣੀ ਰਹੇ ਤੇ ਸਰੀਰਕ ਤਾਕਤ ਵੀ ਬਣੀ ਰਹੇ।

**ਨਿੰਮ ਦਾ ਤੇਲ** : ਨਿੰਮ ਦਾ ਤੇਲ ਚਮੜੀ ਰੋਗਾਂ ਲਈ ਬਹੁਤ ਲਾਭਕਾਰੀ ਹੁੰਦਾ ਹੈ। ਇਸ ਵਿਚ ਐਂਟੀਸੈਪਟਿਕ ਤੱਤ ਹੁੰਦੇ ਹਨ। ਨਿੰਮ ਸਵਾਦ ਵਿਚ ਕੌੜਾ ਹੁੰਦਾ ਹੈ ਪਰ ਇਸ ਦੇ ਗੁਣ ਬਹੁਤ ਹਨ। ਸਰੀਰ 'ਤੇ ਖੁਰਕ, ਸਾੜ, ਛੋਟੇ-ਛੋਟੇ ਕਟ 'ਤੇ ਇਸ ਦਾ ਪ੍ਰਭਾਵ ਬਹੁਤ ਪੈਂਦਾ ਹੈ।

**ਅਲਸੀ ਤੇਲ** : ਅਲਸੀ ਦੇ ਬੀਜਾਂ ਵਿਚ ਵਿਟਾਮਿਨ ਈ ਦੀ ਮਾਤਰਾ ਕਾਫੀ ਹੁੰਦੀ ਹੈ। ਇਸ ਦਾ ਸੇਵਨ ਅਸੀਂ ਭੁੰਨ ਕੇ ਸਵੇਰੇ ਪਾਣੀ ਦੇ ਨਾਲ ਵੀ ਕਰ ਸਕਦੇ ਹਾਂ। ਅਲਸੀ ਦੇ ਬੀਜਾਂ ਵਿਚ ਬਹੁਤ ਸਾਰੇ ਦਵਾਈ ਵਾਲੇ ਗੁਣ ਹਨ, ਇਸੇ ਤਰ੍ਹਾਂ ਇਸ ਦਾ ਤੇਲ ਵੀ ਗੁਣਾਂ ਨਾਲ ਭਰਪੂਰ ਹੈ। ਚਮੜੀ ਦੇ ਸੜ ਜਾਣ 'ਤੇ ਅਲਸੀ ਤੇਲ ਲਗਾਇਆ ਜਾਵੇ ਤਾਂ ਸਾੜ ਅਤੇ ਦਰਦ ਦੋਵਾਂ ਵਿਚ ਲਾਭ ਮਿਲਦਾ ਹੈ।

**ਜੈਤੂਨ ਤੇਲ** : ਜੈਤੂਨ ਤੇਲ ਨਾਲ ਅਸੀਂ ਸਰੀਰ ਦੀ ਮਾਲਿਸ਼ ਕਰਨ ਦੇ ਨਾਲ-ਨਾਲ ਚਿਹਰੇ 'ਤੇ ਵੀ ਇਸ ਦੀ ਵਰਤੋਂ ਕਰ ਸਕਦੇ ਹਾਂ। ਇਸ ਨਾਲ ਚਮੜੀ ਸੁੰਦਰ, ਕੋਮਲ ਬਣਦੀ ਹੈ। ਖੁਸ਼ਕ ਚਮੜੀ ਵਾਲਿਆਂ ਨੂੰ ਇਸ ਦਾ ਵਿਸ਼ੇਸ਼ ਲਾਭ ਮਿਲਦਾ ਹੈ। ਜੈਤੂਨ ਦਾ ਤੇਲ ਸਰਦੀ ਵਿਚ ਠੰਢ ਦਾ ਅਹਿਸਾਸ ਵੀ ਘੱਟ ਕਰਦਾ ਹੈ। ਬਚਪਨ ਤੋਂ ਹੀ ਬੱਚਿਆਂ ਦੀ ਮਾਲਿਸ਼ ਜੈਤੂਨ ਦੇ ਤੇਲ ਨਾਲ ਕਰਨੀ ਚਾਹੀਦੀ ਤਾਂ ਕਿ ਉਨ੍ਹਾਂ ਦੀ ਚਮੜੀ ਨਰਮ ਅਤੇ ਕੋਮਲ ਬਣੀ ਰਹੇ।

**ਸਰ੍ਹੋਂ ਦਾ ਤੇਲ** : ਸਰ੍ਹੋਂ ਤੇਲ ਦੇ ਬਹੁਤ ਲਾਭ ਹਨ। ਇਸ ਦੀ ਮਾਲਿਸ਼ ਨਾਲ ਸਰੀਰ ਦਾ ਖੂਨ ਸੰਚਾਰ ਵਧਦਾ ਹੈ। ਥਕੇ ਹੋਣ 'ਤੇ ਪੈਰਾਂ ਤੇ ਤਲਿਆਂ ਅਤੇ ਪਿੰਡਲੀਆਂ 'ਤੇ ਸਰ੍ਹੋਂ ਤੇਲ ਨਾਲ ਮਾਲਿਸ਼ ਕੀਤੀ ਜਾਵੇ ਤਾਂ ਥਕਾਨ ਦੂਰ ਹੁੰਦੀ ਹੈ। ਜੋੜਾਂ ਦੇ ਦਰਦ 'ਤੇ ਅਜਵਾਇਨ ਜਾਂ ਲਸਣ ਸਰ੍ਹੋਂ ਦੇ ਤੇਲ ਵਿਚ ਪਕਾ ਕੇ ਕੋਸਾ ਕਰਕੇ ਲਗਾਉਣ ਨਾਲ ਲਾਭ ਮਿਲਦਾ ਹੈ। ਅਕਸਰ ਬੱਚਿਆਂ ਦੀ ਮਾਲਿਸ਼ ਸਰ੍ਹੋਂ ਦੇ ਤੇਲ ਨਾਲ ਕੀਤੀ ਜਾਂਦੀ ਹੈ। ਬੱਚਿਆਂ ਨੂੰ ਜ਼ੁਕਾਮ ਹੋਣ 'ਤੇ ਸਰ੍ਹੋਂ ਤੇਲ ਵਿਚ ਲਸਣ ਪਕਾ ਕੇ ਠੰਢਾ ਕਰਕੇ ਛਾਤੀ 'ਤੇ ਉਸ ਨਾਲ ਮਾਲਿਸ਼ ਕਰਨ ਨਾਲ ਲਾਭ ਮਿਲਦਾ ਹੈ। ਸਰਦੀਆਂ ਵਿਚ ਸਰ੍ਹੋਂ ਤੇਲ ਦੀ ਮਾਲਿਸ਼ ਜ਼ਿਆਦਾ ਲਾਭਕਾਰੀ ਹੈ।

**ਤਿਲ ਦਾ ਤੇਲ** : ਤਿਲ ਦਾ ਤੇਲ ਵਿਟਾਮਿਨ ਏ ਅਤੇ ਈ ਨਾਲ ਭਰਪੂਰ ਹੁੰਦਾ ਹੈ, ਇਸ ਲਈ ਇਸ ਨਾਲ ਮਾਲਿਸ਼ ਕਰਨ 'ਤੇ ਚਮੜੀ ਵਿਚ ਨਿਖਾਰ ਆਉਂਦਾ ਹੈ। ਸਰਦੀਆਂ ਵਿਚ ਤਿਲ ਦੇ ਤੇਲ ਦੀ ਮਾਲਿਸ਼ ਕਰਨ ਨਾਲ ਠੰਢ ਘੱਟ ਲਗਦੀ ਹੈ। ਜੋੜਾਂ ਦੇ ਦਰਦ ਵਿਚ ਵੀ ਤਿਲ ਦਾ ਤੇਲ ਲਾਭ ਪਹੁੰਚਾਉਂਦਾ ਹੈ।

ਸਰਦੀਆਂ ਵਿਚ ਹਲਕਾ ਗਰਮ ਕਰਕੇ ਤੇਲ ਨਾਲ ਮਾਲਿਸ਼ ਕਰਨਾ ਚੰਗਾ ਹੁੰਦਾ ਹੈ। ਤੇਲ ਮਾਲਿਸ਼ ਨਾਲ ਸਰੀਰ ਦੇ ਨਾਲ ਦਿਮਾਗ ਵੀ ਤਰੋਤਾਜ਼ਾ ਰਹਿੰਦਾ ਹੈ। ਨੀਂਦ ਚੰਗੀ ਆਉਂਦੀ ਹੈ, ਹੱਡੀਆਂ ਮਜ਼ਬੂਤ ਰਹਿੰਦੀਆਂ ਹਨ।

**डॉ. निर्मल सिंह, सेवादार पंजाबी सथ्थ लांबड़ा की छपी पुस्तक से धन्यवाद सहित प्रश्न-उत्तर छाप रहे हैं।**


भाग - 6

नहीं रीसाँ देश पंजाब दीयां

# की जाणा मैं कौण?

*( पंजाब की संस्कृति एवं समूची धरोहर )*

डॉ. निर्मल सिंह



**प्रश्न**

137. 'कोह मीनार' क्या होता था?
138. 'गुरु नानक देव जी' कहाँ खेती करते थे?
139. 'इंद्र कुमार गुजराल' का पुश्तैनी शहर कौन सा है?
140. 'नुसरत फतेह अली खां' का परिवार 1947 सन् में कहाँ से उजड़ा था?
141. 'अंग्रेज़ी ट्रिब्यून' समाचार-पत्र का संस्थापक कौन था?
142. 'स. साधु सिंह हमदर्द' कौन से पंजाबी अख़बार के संपादक थे?
143. 'लाला जगत नारायण' कौन थे?
144. 'संत जरनैल सिंह भिंडरावाले' कौन से गाँव के रहने वाले थे?
145. 'बारादरी बाग' कहाँ पर है?
146. 'हरीके पत्तण' किस स्थान को कहते हैं?
147. 'पंजाब विश्वविद्यालय' कहाँ पर है?
148. 'पश्चिमी पंजाब' की राजधानी कौन सी है?
149. 'माघी का मेला' कहाँ पर लगता है?
150. 'चिरागों का मेला' से क्या तात्पर्य है?
151. 'बाबा फ़रीद यूनीवर्सिटी' कौन से विषय से संबंधित है?
152. 'गुरु काशी दमदमा साहिब' वाले नगर का क्या नाम है?
153. 'महाभारत का युद्ध' किस स्थान पर हुआ?
154. 'राजा करन' के नाम पर बसा शहर कौन सा है?
155. 'जिऊणे मौड़' का संबंध किस ज़िले के साथ है?
156. 'बब्बर अकाली लहर' का आरंभ कब हुआ?
157. 'बाबा भगत सिंह बिलगा' कौन हैं?
158. पंजाबी कवि 'पाश' कौन से गाँव का था?
159. 'गुरुबख्श सिंह प्रीतलड़ी' ने कौन सा गाँव बसाया था?
160. 'अमृता प्रीतम' कहाँ रहती थी?
161. 'खुशवंत सिंह' क्या लिखता था?
162. 'बलराज साहनी' क्या काम करते थे?
163. राज कपूर, ऋषि कपूर और शशि कपूर के पुश्तैनी शहर का क्या नाम था?
164. 'गुरु ग्रंथ साहिब' में दर्ज बाणी कितने रागों में है?
165. 'चित्रकार सोभा सिंह' कहाँ रहते थे?

**उत्तर**

137. शेरशाह सूरी द्वारा बनाई जरनैली सड़क पर एक कोस या लगभग दो मील के बाद बने हुए मीनार जिसके पास घुड़सवार और नगाड़ा भी हर समय मौजूद रहते थे।
138. दरिया रावी के किनारे करतारपुर ज़िला नारोवाल।
139. जेहलम।
140. बस्ती शेख जालंधर।
141. स. दयाल सिंह मजीठिया।
142. रोज़ाना अजीत पहले उर्दू फिर पंजाबी।
143. हिंद केसरी समूह समाचार-पत्र का संपादक।
144. गाँव लंडे रोडे, ज़िला मोगा।
145. पटियाला।
146. दरिया सतलुज और ब्यास के मिलने वाले स्थान को।
147. चंडीगढ़।
148. लाहौर।
149. मुक्तसर।
150. लाहौर में दिए जला कर पीरों को अक़ीदत भेंट की जाती है।
151. स्वास्थ्य, विज्ञान के साथ फरीदकोट में।
152. तलवंडी साबो, ज़िला बठिंडा।
153. कुरुक्षेत्र।
154. करनाल।
155. मानसा।
156. दोआबे में से।
157. देश भक्त स्मृति सभागार का निगरान ग़दरी बाबा।
158. तलवंडी सलेम-नकोदर, ज़िला जालंधर।
159. प्रीत नगर, ज़िला अमृतसर।
160. दिल्ली।
161. उपन्यास, समाचार-पत्र कालम।
162. पंजाबी लेखक और फ़िल्म अभिनेता।
163. लायलपुर (फ़ैसलाबाद)
164. 31 रागों में।
165. अंदरेटा (हिमाचल प्रदेश)

**( चलता )**

# मधुर वाणी

**करनजोत सिंह**



कबीर जी कहते हैं –

**''ऐसी वाणी बोलिए, मन का आपा खोय।**
**औरन को सीतल करे, आपहु सीतल होए।''**

कबीर जी आगे लिखते हैं –

**''कागा काको धन हरैं, कोयल काको देत।**
**मीठा शब्द सुनाए के, जग अपनी कर लेत।''**

अर्थात् कौआ किसका धन चुराता है? और कोयल किसे कुछ देती है? कौए की कर्कश आवाज़ सुनकर उसे सब उड़ा देते हैं और कोयल भी किसी को कुछ नहीं देती। किंतु उसकी मधुर वाणी सबका मन मोह लेती है। अत: हमें हमेशा मधुर वचन बोलने चाहिए। कभी भी मुँह से किसी के प्रति अपशब्द नहीं निकालने चाहिए। असल में यह वाणी ही है जिससे व्यक्ति के स्वभाव का अंदाज़ा लगाया जा सकता है। जो कड़वा बोलते हैं उसे कोई पसंद नहीं करता। जबकि मधुर वाणी इन्सान को सर्वप्रिय बना देती है। संस्कृत के प्रसिद्ध कवि भृतहरि ने भी मधुर वाणी को ही सच्चा आभूषण कहा है। अत: सभी मनुष्यों के लिए उचित है कि अपनी वाणी में मधुरता लाएँ।

# इबादत

स्कूल की रिसेस हुई।
वह टिफिन हाथ में लेकर,
दौड़ते हुए आई।
साथियों के साथ खाते हुए,
रोटी का इक टुकड़ा गिरा ज़मीन पर,
उसने देखा लापरवाही से,
फिर टिफिन खाने में मस्त हो गया।
पाँव के नीचे आते,
उस टुकड़े को देखकर,
रुकी इक बच्ची।
झुककर उठाया,
माथे से लगाया,
फिर
सामने के पेड़ तले रख दिया।
नन्ही गिलहरी उतरी,
रोटी का टुकड़ा मुँह में दबा
चमकीली आँखों से इधर-उधर ताक,
फुर्र से पेड़ पर चढ़ गई।
अगले पैरों हाथ बनाकर
रिसेस का आनंद लेने लगी।
वृक्ष की पत्तियों ने झुककर,
बच्ची का अभिवादन किया।
अनाज का आदर करके,
उसने ईश्वर की सच्ची इबादत की थी।
समस्त प्रकृति इस इबादत पर,
न्यौछावर थी।

**बलजीत सिंह**

**असफलता के विचार से सफलता का उत्पन्न होना उतना ही असंभव है, जितना बबूल के पेड़ पर गुलाब के फूल का खिलना।**

---

**जीवन की दशा बदलनी है, तो कर्म की दिशा बदलें।**

# आधुनिक नारी

**जसप्रीत कौर देहल**

भारत वर्ष में कहने को तो नारी को शक्ति और देवी का स्थान दिया जाता है, पर वास्तव में हर काल में उसकी दशा दयनीय ही रही है। हो सकता है, वैदिक काल की नारी स्वतंत्र रही हो, पर बाद में तो उसका मान घटता गया है और स्वतंत्रता पर प्रतिबंध लगता गया है। भारत में कुछ ऐसे नारी नाम ज़रुर प्राप्त होते है कि जिनके बारे में बहुत ही प्रसिद्ध कहानियाँ है, पर बाद में तो उनकी दशा बद से बदतर होती गई है। मध्यकाल में आकर तो वह मात्र दासी, भोग-विलास की मशीन और पुरुष की चल सम्पति बनकर रह गई। लेकिन समय की गति के साथ भारत की नारी की दशा में भी परिवर्तन आया है। जिसे आधुनिक नारी कहा जाता है, उसकी दशा प्राचीन और मध्यकाल में काफी भिन्न है।

वास्तव में नारी स्वतंत्रता और उसे आधुनिक बनाने के आंदोलन पहले यूरोप में चले। वहाँ की जागरुक और पढ़ी-लिखी नारियों ने वर्षों तक लगातार संघर्ष करके पुरुष की समानता और स्वतंत्रता का अधिकार प्राप्त किया। ब्रिटिश राज के समय में नारी-शिक्षा का आरंभ हुआ। पहले नारियाँ केवल पुत्री पाठशालाओं में पढ़ने जाने लगी, फिर केवल नारियों के लिए बने स्कूलों-कॉलजों में और बाद में सह-शिक्षा वाली संस्थाओं में भी जाकर पढ़ने लिखने लगी। इससे उनका आत्मविश्वास जागा। स्वतंत्रता प्राप्ति से पहले तक घर से बाहर आने वाली नारियों का संसार, बस यही तक सीमित रहा करता था। स्वतंत्रता प्राप्ति के बाद जैसे-जैसे नारी शिक्षा का प्रचार प्रसार बढ़ता गया, उसे सुविधाएँ भी मिलती गई इस प्रकार भारतीय नारी ने आधुनिकता के क्षेत्र में प्रवेश किया। आधुनिक भारतीय नारी नर्स और अध्यापिका के अतिरिक्त डॉक्टर, इंजीनियर, प्राध्यापक, प्रिंसीपल, राजनेता, अभिनेता, पॉयलट, राष्ट्रीय-अन्तर्राष्ट्रीय स्तर की खिलाड़ी सब कुछ है। आधुनिक नारी समाज सेवा के क्षेत्र में भी पीछे नहीं है।



कुछ अपवाद हर वर्ग और समाज में हुआ करते हैं। सो आधुनिक भारत में नारी-समाज में भी कुछ ऐसे अपवाद मिल सकते है कि जो पूर्ण स्वलवम्बी, स्वतंत्र और इस प्रकार पूर्णतया आधुनिक हो। लेकिन जहाँ तक आज की भारतीय नारी का प्रश्न है, आधुनिकता का लेबल लगाकर भी वास्तव में अभी तक वह मध्यकालीन मानसिकता से उबर नहीं पाई है। उच्चतम शिक्षा पाकर भी उसे हम तरह-तरह के अन्धविश्वासों से, रुढ़िवादों और परंपराओं से गिरा हुआ पाते है। वह बाहर से जितनी उभरी हुई, साहसी एवं स्वच्छन्द लगती है, भीतर से उतनी ही डरी-सहमी हुई, कमज़ोर और भावनाओं-विचारों से पराधीन दिखाई देती है। आधुनिक शब्दों में कहा जाए या मुहावरेदार भाषा में कहा जाए तो अभी तक वह 'आधात ीतर,अ ाधाब टेर'ह ीब न पाई है।

आधुनिक होकर, आधुनिक भारत में रहकर भी नारी आधुनिक क्यों नहीं बन पा रही, इसके मूल में दोष उसका नहीं है। दोष वास्तव में हमारी सामाजिक व्यवस्था और मानसिकता का है। पुरुष समाज न तो अंहकारवश खुद मध्यकालीन मानसिकता से निकलना चाहता है, ना वो यह चाहता है कि उससे संबंधित नारी आधुनिक लगे, सुंदर लगे, चुस्त-चालाक भी समझे जाए, हर कदम पर उसका साथ भी दे और उसे आगे बढ़ जाए, यह उसे स्वीकार नहीं। इस कारण आधुनिक नारी आधुनिक नहीं बन पा रही है। नारी के पैर एक चौराहे पर पहुँचकर ठिठक गए हैं, यद्यपि काँप नहीं रहे है। इन्हें संभालकर आगे बढ़ाने पर ही वह पूर्णतया आधुनिक नारी बन सकेगी, अन्यथा वहीं खड़ी रहेगी, क्योंकि पीछे लौट जाना भी तो संभव नहीं रह गया है।

# SOME CLARIFICATIONS REGARDING CREAMY LAYER AMONGST BACKWARD CLASSES

**Waryam Singh**
**P.E.S (1)**
**Principal (Retd.)**
**Kapurthala**
**95001-32619**



These clarifications were issued long ago vide a letter no. 360 33/5/2004 dated-14/10/2004 by Ministry of Personnel , Govt. of India and endorsed by Welfare Department of Punjab Govt. from time to time . All relevant letters are lying in all Tehsil Headquarters of Punjab but are not being followed properly by officials while issuing BC/OBC certificates.

Please do keep in mind that we have to write the spellings 'Labana' of our caste while applying for BC and OBC certificates for Punjab State and Central Govt. jobs respectively. Six different categories of persons falling under creamy layer and some important clarifications are being mentioned here once again for those who need these.

The following categories fall in creamy layer to whom the rules of exclusion will apply and who will not be entitled to benefits of reservation:-

**CATEGORY I - CONSTITUTIONAL POSTS**

Sons & daughters of President, Vice-President, Judges of Supreme Courts and High Courts and positions of like nature.

**CATEGORY II**

**(A) Sons and daughters of group A/class 1 officers of the All India , Central & state services (Direct Recruits)**

**(B) Group B/class II officers of the Central & state services (Direct Recruits)**

Sons and daughters of parents

1. Both parents class II officers.
2. Only the husband is a class II officer and he gets into class I at the age of 40 or earlier

Provided the rule of exclusion shall not apply in the following cases:-

1. Parents both of whom are class II officers and one of whom dies or suffers permanent incapacitation.
2. If the father is directly recruited class III/ group C or class IV/ group D employee and he gets into class I/ group A at the age of 40 or earlier, his sons and daughters shall not be treated to be falling in creamy layer.

**(C) Employees in public sector undertakings etc.**

The criteria enumerated in (A) & (B) above will apply to officers holding equivalent or comparable posts in PSU such as banks, insurance organizations, universities etc. and also to equivalent or comparable posts under private employment.

**CATEGORY III - Armed forces including para Military forces**

**(Civil posts not included)**

Sons & daughters of parents either or both of whom is or are in the rank of colonel and above in the army and equivalent posts in the Navy and the Air force and the para military forces.

**CATEGORY IV - Professionals and those engaged in Trade and Industry**

i) Persons engaged in profession just as doctor, lawyer, C.A., engineer, computer professional, film professional, sports persons or any other vocation of like status.

ii) Persons engaged in trade, business and industry.

For (i) & (ii) above income/wealth test of category VI will apply.

**CATEGORY V - Property Owners**

(A) Agricultural holdings: - Sons and

daughters of persons are owning irrigated land equal to or more than 85% of the statutory ceiling area.

(B) Sons & daughters of owners of vacant land and/or buildings in urban areas. For this class apply income/wealth test of category VI will apply.

**CATEGORY VI - Income/Wealth Test**

Sons & daughters of

a) Persons having gross annual income of Rs. Six lakhs or above or possessing wealth above the exemption limit in the Wealth Tax Act for a period of three consecutive years.

b) Persons in categories I,II,III & V (A) who do not fall in creamy layer on account of criteria mentioned in those categories but have income from other sources of wealth which will bring them within income/wealth criteria mentioned in (a) above.

**NOTE: - For explaination of income please see no. 3 below**

Three important clarifications

1. Sons and daughters of parents who are included in the creamy layer on the basis of service status of their parents shall continue to be treated in creamy layer even if their parents have retired or have died after retirement.

2. It is clarified that the creamy layer status of a candidate is determined on the basis of the status of his parents and not on the basis of his own status or income, or on the basis of status or income of his/her spouse. Therefore while determining the creamy layer status of a person, the status or the income of the candidate himself or of his /her spouse shall not be taken in to account.

3. It is clarified that while applying the income from agricultural land shall not be taken into account. It means that if income from salaries of the parents of any candidate is more than Rs. Six lakhs per annum, income from agricultural land is more than Rs. Six lakhs per annum but income from other sources is less than Rs. Six lakhs per annum, the candidate shall not be treated to be falling in creamy layer on the basis of Income/Wealth Test provided his parents do not passes wealth above the exemption limit prescribed in the Wealth Tax Act for a period if three consecutive years.

**NOTE:** - So, while applying for BC/OBC certificates along with stating your service status and land holding, as the case may be, please mention the fact that your income from other sources is less than Rs. Six lakhs per annum for three consecutive years.

# TEN WORDS FOR SUCCESS

**Vibhu Menon**

* The most selfish one letter word 'I' - avoid it.
* The most satisfying two letter word 'We' - use it.
* The most poisonous three letter word 'Ego' - kill it.
* The most used four letter word 'love' - value it.
* The most pleasing five letter world 'Smile' - keep it.
* The most spreading six letter world 'Rumour' - ignore it.
* The most hardest working seven letter word 'Success' - achieve it.
* The most enviable eight letter world 'Jealousy' - distance it
* The most powerful nine letter word 'Knowledge' - acquire it.
* The most essential ten letter word 'Confidence' - trust it.

# THE FACT WORLD :- LATEST MEDICAL INVENTIONS

Maninder Kaur

Medicine is heavily depending on electromedical equipment and develop to treat patients and to develop new novel strategies. Here is the list of medical inventions in the field of electromedical equipment in the recent times.

**1. Clamp for traumatic bleeding :** It is a gadget which can be used as a clamp to stop traumatic bleeding. It is handy to carry and very easy to apply. It approximates both the edges of the skin to close the wound and stop the bleeding.

**2. A chip designed to diagnose blue :** The microfluidic chip is very handy in diagnosing flue especially for screening during endemics like that of H1 N1 during 2009. This chip is quick, cheap and sensitive in detecting flue virus.



**3. Your iphone can check your body temp :** Thermodock is an infrared device, which can be plugged in iphone and then directed at the forehead to record its temperature. This device does not have to be in contact with the body surface to record the temperature.

**4. A cheaper and Quicker method to detecting malaria and HIV :** This is an origami paper device, which is very cheap to print and takes very short time for folding. In this technique a hydrophobic substance such as wax is applied on the chromatographic paper, to channelize the under test sample towards the reagents which have been embedded over a flew spots on the paper. If the sample contains for whatever it is being tested than a specific reaction occurs such paper turning into a specific colour or showing two lines instead of one hence indicating presence of a disease very quickly and at a very low cost.

**5. 4 Wheel drive next generation wheel chair :** This vehicle has been named as permoveh or personal mobility vehicle. It is stable, can navigate through tight space and has very easy maneuverd in all directions. It in maneuvered by the user with a held control.

**6. Regeneration of burned faces :** The traditional treatment of burns involve removable of damages tissue which can lead to various complications including speech problems, deformities and its also requires multiple surgeries. The new under research technique of smart biomass consists of a face shaped rigid cell, which is covered be flexible polymer layer with embedded electrical and mechanical components.

**7. Use of the tongue to operate computer, wheel chair :** The patient with paralysis of both arms and legs have treaditionally been using sip and puff technique to operate powered wheel chairs and computer. Sip and puff techniques requires the user to sip or puff precise amount of air into a straw to issue a command.

**8. GPS Shoes :** People with amnesia, dementia or poor memory tends to forget their way home. It is said that if you forget where have you placed your keys then it is alright but if you forget how to use your keys then it is definitely alzheimer's or dementia. GPS fitted shoes are a befitting solution to their problem however these shoes also require to be remembered to wear in order to be useful.

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-11-2016 ਤੋਂ 30-11-2016

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-8831 | 15-11-2016 |
| 2. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-8832 | 15-11-2016 |
| 3. | ਗੁਪਤ ਦਾਨ | 500/- | ਐਚ-8833 | 15-11-2016 |
| 4. | ਬੀਬੀ ਜਤਿੰਦਰ ਕੌਰ<br>ਮਕਾਨ ਨੰ.-1229, ਸੈਕਟਰ-64, ਫੇਸ-10, ਮੋਹਾਲੀ | 200/- | ਐਚ-8834 | 15-11-2016 |
| 5. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-8835 | 15-11-2016 |
| 6. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 200/- | ਐਚ-8636 | 15-11-2016 |
| 7. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-8837 | 15-11-2016 |
| 8. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 200/- | ਐਚ-8838 | 15-11-2016 |
| 9. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 500/- | ਐਚ-8839 | 15-11-2016 |
| 10. | ਕਰਨਲ ਹਰਦਿਤ ਸਿੰਘ, ਜ਼ੀਰਕਪੁਰ | 200/- | ਐਚ-8840 | 15-11-2016 |
| 11. | ਸ. ਹਰਭਜਨ ਸਿੰਘ<br>ਡੀ.ਆਈ.ਜੀ.ਪੀ., ਜ਼ੀਰਕਪੁਰ | 500/- | ਐਚ-8841 | 15-11-2016 |
| 12. | ਸ. ਦਰਬਾਰਾ ਸਿੰਘ<br>ਮਕਾਨ ਨੰ.-130, ਸੈਕਟਰ-46 ਏ, ਚੰਡੀਗੜ੍ਹ | 100/- | ਐਚ-8842 | 15-11-2016 |

| | | | | |
|---|---|---|---|---|
| 13. | ਸ. ਧਰਮਵੀਰ ਸਿੰਘ ਕੇਅਰ ਟੇਕਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-8843 | 15-11-2016 |
| 14. | ਸ. ਨਰਿੰਦਰ ਸਿੰਘ<br>ਨਿਊ ਸੰਨੀ ਐਨਕਲੇਵ, ਮੋਹਾਲੀ | 500/- | ਐਚ-8844 | 15-11-2016 |
| 15. | ਸ. ਐਨ.ਪੀ. ਸਿੰਘ<br>ਸੈਕਟਰ-48, ਚੰਡੀਗੜ੍ਹ | 200/- | ਐਚ-8845 | 15-11-2016 |
| 16. | ਸ੍ਰੀਮਤੀ ਤ੍ਰਿਪਤ<br>ਪਿੰਡ ਤੇ ਡਾ. ਦੁਡੀਕੇ, ਜ਼ਿਲ੍ਹਾ-ਮੋਗਾ | 100/- | ਐਚ-8846 | 26-11-2016 |

# "ਬੰਦ ਨਹੀਂ ਖੁੱਲੇ ਦਰਵਾਜ਼ੇ ਵੱਲ ਦੇਖੋ"

**ਗੁਰਬਾਜ ਕੌਰ**

ਮਨੁੱਖ ਦੀਆਂ ਚਾਹਤਾਂ ਤੇ ਖਾਹਿਸ਼ਾਂ ਦਾ ਕੋਈ ਅੰਤ ਨਹੀਂ ਹੈ। ਜਦ ਸਾਨੂੰ ਕੋਈ ਮਨਚਾਹੀ ਵਸਤੂ ਨਹੀਂ ਮਿਲਦੀ, ਕੋਈ ਕੰਮ ਸਾਡੀ ਖਾਹਿਸ ਦੇ ਅਨੁਸਾਰ ਨਹੀਂ ਹੁੰਦਾ ਜਾਂ ਸਾਡੇ ਹੱਥ ਨਾਕਾਮਯਾਬੀ ਲੱਗਦੀ ਹੈ, ਤਾਂ ਸਾਡਾ ਦਿਲ ਨਿਰਾਸ਼ਤਾ ਨਾਲ ਭਰ ਜਾਂਦਾ ਹੈ। ਦਿਲ ਵਿਚ ਕਈ ਤਰ੍ਹਾਂ ਦੇ ਨਾਂਹ ਪੱਖੀ ਵਿਚਾਰ ਆਉਣ ਲੱਗਦੇ ਹਨ। ਜਾਪਦਾ ਹੈ ਕਿ ਸਭ ਦਰਵਾਜੇ ਬੰਦ ਹੋ ਚੁੱਕੇ ਹਨ। ਬਾਰ-ਬਾਰ ਸਾਡਾ ਧਿਆਨ ਇਹਨਾਂ ਬੰਦ ਦਰਵਾਜਿਆਂ ਵੱਲ ਜਾਂਦਾ ਹੈ। ਅਸੀਂ ਸੋਚਦੇ ਹਾਂ ਕਿ ਸਾਡੇ ਨਾਲ ਹੀ ਅਜਿਹਾ ਕਿਉਂ ਹੁੰਦਾ ਹੈ? ਸਾਡੀ ਨਿਰਾਸ਼ਤਾ ਸਾਨੂੰ ਉਦਾਸ ਕਰ ਦਿੰਦੀ ਹੈ ਅਤੇ ਅਸੀਂ ਕਿਸੇ ਵੀ ਕੰਮ ਵਿਚ ਦਿਲਚਸਪੀ ਨਹੀਂ ਲੈਂਦੇ ਪਰ ਜਿਹੜੇ ਦਰਵਾਜੇ ਬੰਦ ਹੋ ਚੁੱਕੇ ਹਨ ਜਿਹੜਾ ਮੌਕਾ ਸਾਡੇ ਹੱਥੋਂ ਨਿਕਲ ਚੁੱਕਾ ਹੈ, ਉਸਦੇ ਬਾਰੇ ਸੋਚਣ ਦਾ ਕੀ ਫਾਇਦਾ।

ਕਹਿੰਦੇ ਹਨ ਕਿ ਜਦੋਂ ਇਕ ਦਰਵਾਜਾ ਬੰਦ ਹੁੰਦਾ ਹੈ ਤੇ ਦੂਸਰਾ ਦਰਵਾਜਾ ਖੁਲ੍ਹਦਾ ਹੈ। ਕੀ ਇਹ ਠੀਕ ਨਹੀਂ ਹੋਵੇਗਾ ਕਿ ਅਸੀਂ ਖੁੱਲ੍ਹੇ ਦਰਵਾਜ਼ੇ ਵੱਲ ਦੇਖੀਏ ਅਤੇ ਜਿਹੜਾ ਮੌਕਾ ਮੌਜੂਦ ਹੈ ਉਸਦਾ ਸਹੀ ਫਾਇਦਾ ਉਠਾਉਣ ਵੱਲ ਆਪਣਾ ਧਿਆਨ ਲਗਾਈਏ। ਜੀਵਨ ਵਿਚ ਬਹੁਤ ਸਾਰੀਆਂ ਯਕੀਨੀਆਂ ਹੁੰਦੀਆਂ ਹਨ। ਬਹੁਤ ਸਾਰੀਆਂ ਗੱਲਾਂ ਤੇ ਸਾਡਾ ਕੰਟਰੋਲ ਹੁੰਦਾ ਹੈ ਪਰ ਬਹੁਤ ਕੁਝ ਸਾਡੇ ਵੱਸ ਤੇ ਬਾਹਰ ਹੁੰਦਾ ਹੈ। ਜੋ ਕੁਝ ਸਾਡੇ ਕੋਲ ਨਹੀਂ ਹੈ। ਜੋ ਸਾਨੂੰ ਨਹੀਂ ਮਿਲ ਸਕਦਾ ਉਸ ਬਾਰੇ ਸੋਚ ਕੇ ਅਸੀਂ ਹੋਰ ਕੁਝ ਨਹੀਂ ਬਲਕਿ ਆਪਣੇ ਸਮੇਂ ਤੇ ਯੋਗਤਾ ਦੀ ਬਰਬਾਦੀ ਕਰਦੇ ਹਾਂ। ਸਮਾਜ ਵਿਚ ਸਾਰੇ ਲੋਕ ਇਕੋ ਜਿਹੇ ਅਮੀਰ ਜਾਂ ਸ਼ਾਨੋ-ਸ਼ੌਕਤ ਵਾਲੇ ਨਹੀਂ ਹੁੰਦੇ। ਸੀਮਤ ਜਿਹੇ ਸਾਧਨਾਂ ਵਾਲਾ ਕੋਈ ਵਿਅਕਤੀ ਜੇਕਰ ਆਪਣੇ ਅਮੀਰ ਸਾਥੀ ਵੱਲ ਦੇਖ ਕੇ ਸਾੜਾ ਕਰਦਾ ਰਹੇ ਤਾਂ ਉਸਨੂੰ ਸਾੜੇ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਣਾ।

ਹਾਂ ਜੋ ਕੁਝ ਆਪਣੇ ਕੋਲ ਹੈ ਉਸ ਦੀ ਸਹੀ ਵਰਤੋਂ ਕਿਵੇਂ ਕੀਤੀ ਜਾਵੇ, ਉਸ ਵਿਚ ਇਮਾਨਦਾਰੀ ਨਾਲ ਹੋਰ ਕੀ ਜੋੜਿਆ ਜਾਵੇ, ਇਸ ਦੇ ਲਈ ਸਕੀਮ ਬਣਾ ਕੇ ਕੰਮ ਕਰਨ ਨਾਲ ਆਪਣੇ ਜੀਵਨ ਨੂੰ ਬੇਹਤਰ ਬਣਾਉਣ ਵਿਚ ਮੱਦਦ ਜ਼ਰੂਰ ਮਿਲੇਗੀ। ਅਜਿਹੇ ਵਿਚ ਅਸੀਂ ਆਪਣੀ ਸ਼ਖ਼ਸੀਅਤ ਨੂੰ ਵੀ ਨਿਖਾਰ-ਸਵਾਰ ਸਕਦੇ ਹਾਂ। ਸ਼ਾਨੋ-ਸ਼ੌਕਤ ਓਨੀ ਮਹੱਤਵਪੂਰਨ ਨਹੀਂ ਹੈ ਜਿੰਨੀ ਕਿ ਆਪਣੀ ਯੋਗਤਾ ਦੀ ਸਹੀ ਵਰਤੋਂ ਕਰਨਾ। ਸਾਨੂੰ ਆਪਣੇ ਤਜ਼ਰਬਿਆਂ ਤੋਂ ਸਬਕ ਜ਼ਰੂਰ ਲੈਣਾ ਚਾਹੀਦਾ ਹੈ। ਅਤੇ ਇਹਨਾਂ ਤਜ਼ਰਬਿਆਂ ਦੇ ਆਧਾਰ ਤੇ ਸਾਵਧਾਨੀ ਵੀ ਵਰਤਣੀ ਚਾਹੀਦੀ ਹੈ।

ਹਾਰ ਅਤੇ ਨਾਕਾਮਯਾਬੀਆਂ ਵੱਲ ਵਾਰ-ਵਾਰ ਮੁੜ ਕੇ ਦੇਖਣਾ ਅਤੇ ਉਹਨਾਂ ਦੇ ਹੁੰਦਿਆਂ ਆਪਣੀਆਂ ਯੋਗਤਾਂਵਾਂ ਨੂੰ ਘੱਟ ਸਮਝਣਾ ਕਿਸੇ ਤਰ੍ਹਾਂ ਨਾਲ ਵੀ ਸਿਆਣਪ ਨਹੀਂ ਹੋਵੇਗੀ। ਨਜ਼ਰਾਂ ਹਮੇਸ਼ਾ ਨਵੇਂ ਮੌਕਿਆਂ, ਨਵੀਆਂ ਵੰਗਾਰਾਂ ਵੱਲ ਹੋਣੀਆਂ ਚਾਹੀਦੀਆਂ ਹਨ। ਜਦ ਅਸੀਂ ਆਪਣੇ ਵੱਲ ਆਪਣਾ ਧਿਆਨ ਲਗਾਵਾਂਗੇ ਤਾਂ ਹੀ ਆਪਣੇ ਆਪ ਨੂੰ ਯੋਗ ਸਿੱਧ ਕਰਨ ਵਿਚ ਸਫਲ ਹੋਵਾਂਗੇ।


---

**ਹਵਾ ਨੇ ਭਲਾ ਕਿਓ ਹਿਕ ਥਾਪੜੀ ਸੀ?**
**ਬਲੀ ਬੱਤੀ ਹੀ ਦੀਵੇ ਦੀ ਝੜੀ ਸੀ।**

**ਪ੍ਰਿੰ. ਤਖ਼ਤ ਸਿੰਘ**



# MATRIMONIAL



Suitable match for Mohali based Lobana Sikh Girl (Short Service Commissioned Lady Officer, Maj in Army), 157 Cm, 30 Nov 1987, MBBS from Mullana Medical College (Ambala) now doing Specialization in ENT from Army Hospital Delhi. Willing to switch over to civil profession if circumstances demand. Father retired Colonel, Brother Indian Naval Officer. Contact details - 9417887106, raghubinder_1954@yahoo.com.

* * *

PROFESSIONALLY QUALIFIED MATCH FOR LUBANA SIKH GIRL, 1987/5'8½", M.S. GRAPHIC DESIGN, WORKING MICROSOFT HYDERABAD UX DESIGNER, PACKAGE 4 LACS. WELL EDUCATED VEGETARIAN FAMILY. rajghar104@gmail.com, 98720-92016

* * *

Required tall, beautiful employed match for IIT educated 5'11" born on 12/1989 handsome turbaned Lubana boy working as Assistant Manager in IOCL, Handsome salary, own independent house in Chandigarh, Small family. Please send photo, details at e-mail-paramjitkaurpelia@gmail.com

* * *

LUBANA GURSIKH FAMILY REQUIRED A BEAUTIFUL GIRL PROFESSIONALLY QUALIFIED (MBA, MCA, M TECH,MBBS) OF LUBANA GURSIKH FAMILY FOR THEIR SON, ADP, 1991, 5.10 FT, BE, MBA (FIN) WORKING AS ASSTT MANAGER. PLEASE CONTACT ONLY LUBANA....... (M) 09417145424

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਿਹਤ ਖੇਤਰ ਵਿਚ ਮੋਬਾਈਲ ਐਂਬੂਲੈਂਸ ਕਮ ਕਲੀਨਿਕਲ ਵੈਨ ਵੱਲੋਂ ਤਹਿ. ਨਰਾਇਣਗੜ੍ਹ ਜ਼ਿਲ੍ਹਾ ਅੰਬਾਲਾ ਅਤੇ ਰਾਜਪੁਰਾ ਜ਼ਿਲ੍ਹਾ ਪਟਿਆਲਾ ਖੇਤਰਾਂ ਦੇ ਪਿੰਡਾਂ ਵਿਚ ਕੈਂਪ ਲਗਾਉਣ ਦੇ ਕੁਝ ਦ੍ਰਿਸ਼













Regd No. 32212/78
Postal No.-- CHD/0111/2015-17



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖੂਬਸੂਰਤ ਦ੍ਰਿਸ਼



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਬਗੀਚੇ ਦਾ ਦਿਲਕਸ਼ ਦ੍ਰਿਸ਼